ਨਾਟਕ

ਨਾਟਕ ਸਾਹਿਤ-ਕਲਾ ਦਾ ਪ੍ਰਾਚੀਨ ਤੇ ਪ੍ਰਭਾਵਸ਼ਾਲੀ ਰੂਪ ਹੈ। ਨਾਟਕ ਵਾਰਤਾਲਾਪ, ਪਾਤਰਾਂ ਦਾ ਪਹਿਨ-ਪਹਿਰਾਵਾ, ਹਾਵ-ਭਾਵ, ਸ਼ਕਲ-ਸੂਰਤ ਤੇ ਉਹਨਾਂ ਦੀ ਐਕਟਿੰਗ ਆਦਿ ਰਾਹੀਂ ਵਿਅਕਤੀ ਤੇ ਸਮਾਜ ਦੇ ਯਥਾਰਥ ਚਿੱਤਰ ਦਰਸ਼ਕਾਂ ਦੇ ਰੂ-ਬਰੂ ਪੇਸ਼ ਕਰਦਾ ਹੈ। ਨਾਟਕ ਦੇ ਪ੍ਰਭਾਵ ਤੇ ਮਹੱਤਵ ਦਾ ਉਲੇਖ ਕਰਦਿਆਂ ਭਾਰਤ ਦੇ ਵਿਦਵਾਨਾਂ ਨੇ 'ਨਾਟਕ' ਨੂੰ 'ਪੰਜਵਾਂ ਵੇਦ' ਆਖਿਆ ਹੈ। ਇਸ ਸੰਬੰਧ ਵਿੱਚ ਪੌਰਾਣਿਕ ਕਥਾ ਵੀ ਪ੍ਰਚਲਿਤ ਹੈ। ਦੇਵਤਿਆਂ ਨੇ ਬ੍ਰਹਮਾ ਜੀ ਪਾਸ ਬੇਨਤੀ ਕੀਤੀ ਕਿ ਉਹ ਅਜਿਹਾ ਪ੍ਰਬੰਧ ਕਰਨ ਜਿੱਥੇ ਸਾਰੀਆਂ ਜਾਤਾਂ-ਪਾਤਾਂ ਦੇ ਲੋਕ ਇੱਕਠੇ ਬਹਿ ਕੇ ਮੰਨੋਰੰਜਨ ਤੇ ਜੀਅ-ਪਰਚਾਵਾ ਕਰ ਸਕਣ। ਦੇਵਤਿਆਂ ਦੀ ਬੇਨਤੀ ਸੁਣ ਕੇ ਬ੍ਰਹਮਾ ਜੀ ਨੇ ਰਿਗਵੇਦ ਤੋਂ ਕਥਾ-ਕਹਾਣੀ, ਸਾਮਵੇਦ ਤੋਂ ਗੀਤ, ਯਜੁਰਵੇਦ ਤੋਂ ਅਭਿਨੈ (ਐਕਟਿੰਗ) ਅਤੇ ਅਥਰਵ ਵੇਦ ਤੋਂ ਰਸ ਲੈ ਕੇ ਪੰਜਵੇਂ ਵੇਦ ਦੀ ਸਿਰਜਨਾ ਕੀਤੀ ਜਿਸ ਨੂੰ ਨਾਟਯ-ਵੇਦ ਦਾ ਨਾਮ ਦਿੱਤਾ। ਭਾਵ ਇਹ ਹੈ ਕਿ ਨਾਟਕ ਇੱਕ ਸੰਯੁਕਤ ਕਲਾ ਹੈ ਜਿਸ ਵਿੱਚ ਬਾਕੀ ਸਾਹਿਤ-ਰੂਪਾਂ ਦਾ ਵੀ ਯੋਗਦਾਨ ਹੈ।

ਦ੍ਰਿਸ਼-ਕਲਾ :

ਭਾਰਤੀ ਆਲੋਚਕ ਕਾਵਿ ਜਾਂ ਸਾਹਿਤ ਦੇ ਦੋ ਭੇਦ ਮੰਨਦੇ ਹਨ-ਸ਼੍ਰਵ-ਕਾਵਿ ਅਤੇ ਦ੍ਰਿਸ਼-ਕਾਵਿ। ਜੋ ਸੁਣਿਆ ਜਾਵੇ ਉਹ ਸ਼੍ਰਵ ਹੈ ਜਿਵੇਂ ਲੋਕ-ਕਹਾਣੀਆਂ, ਕਵਿਤਾ ਆਦਿ। ਜੋ ਵੇਖਿਆ ਜਾਵੇ ਉਹ ਦ੍ਰਿਸ਼-ਕਾਵਿ ਹੈ, ਵੇਖਣ ਵਿੱਚ ਸੁਣਨਾ ਵੀ ਸ਼ਾਮਲ ਹੈ। ਇਸ ਲਈ ਨਾਟਕ ਨੂੰ ਦ੍ਰਿਸ਼-ਕਲਾ ਕਿਹਾ ਜਾਂਦਾ ਹੈ। ਅੰਗਰੇਜ਼ੀ ਵਿੱਚ ਡਰਾਮਾ ਜਾਂ ਪਲੇ (Play) ਸ਼ਬਦ ਨਾਟਕ ਦੇ ਸਮਾਨਾਰਥੀ ਸ਼ਬਦ ਹਨ। ਪੰਜਾਬੀ ਸਾਹਿਤ-ਕੋਸ਼ ਅਨੁਸਾਰ 'ਡਰਾਮਾ' ਯੂਨਾਨੀ ਭਾਸ਼ਾ ਤੋਂ ਆਇਆ ਸ਼ਬਦ ਹੈ ਜਿਸ ਦਾ ਅਰਥ ਹੈ- ਕੀਤਾ ਹੋਇਆ ਅਰਥਾਤ ਉਹ ਕਾਰਜ ਜਿਹੜਾ ਰੰਗ-ਮੰਚ ਉੱਤੇ ਨਾਟਕੀ ਪਾਤਰ ਆਪਣੀ ਐਕਟਿੰਗ ਰਾਹੀਂ ਪੇਸ਼ ਕਰਦੇ ਹਨ ਅਤੇ ਦਰਸ਼ਕ ਵੇਖਦੇ ਹਨ। ਸੁਣੀ ਹੋਈ ਘਟਨਾ ਨਾਲੋਂ ਵੇਖੀ ਹੋਈ ਘਟਨਾ ਜ਼ਿਆਦਾ ਰੋਚਕ ਅਤੇ ਪ੍ਰਭਾਵਸ਼ਾਲੀ ਹੁੰਦੀ ਹੈ। ਇਸ ਕਰਕੇ ਹੀ ਨਾਟਕ ਬਾਕੀ ਸਾਹਿਤ ਰੂਪਾਂ ਨਾਲੋਂ ਹਰਮਨ ਪਿਆਰਾ ਹੈ।

ਪਰਿਭਾਸ਼ਾ

ਨਾਟਕ ਸ਼ਬਦ ਦਾ ਨਿਕਾਸ ਸੰਸਕ੍ਰਿਤ ਦੇ ਸ਼ਬਦ ਨਟ, ਨਾਟ ਜਾਂ ਨ੍ਰਿਤ ਧਾਤੂ ਤੋਂ ਹੋਇਆ ਮੰਨਿਆ ਜਾਂਦਾ ਹੈ। ਸੰਸਕ੍ਰਿਤ ਦੇ ਇਹਨਾਂ ਤਿੰਨਾਂ ਸ਼ਬਦਾਂ ਵਿੱਚ ਦੋ ਅਰਥਾਂਸ਼ ਸਾਂਝੇ ਹਨ, ਇੱਕ ਹੈ ਕਲਾਤਮਿਕ ਨਕਲ ਅਤੇ ਦੂਜਾ ਹੈ ਅੰਗਾਂ ਦਾ ਸੰਚਾਲਨ। ਇਉਂ ਨਾਟਕ ਵਿੱਚ ਕਲਾਤਮਿਕ ਨਕਲ ਅਤੇ ਨੱਚਣਾ ਦੋਵੇਂ ਤੱਤ ਸ਼ਾਮਲ ਹਨ।

ਅਰਸਤੂ ਨੇ ਨਾਟਕ ਨੂੰ ਜੀਵਨ ਦੀ ਨਕਲ ਕਿਹਾ ਹੈ। ਪਰ ਇਹ ਨਕਲ 'ਫੋਟੋਗ੍ਰਾਫ਼ਿਕ' ਨਹੀਂ ਹੈ ਬਲਕਿ ਇਸ ਨੂੰ ਸਾਹਿਤਿਕ ਅੰਸ਼ਾਂ ਨਾਲ਼ ਪ੍ਰਭਾਵਸ਼ਾਲੀ ਬਣਾਇਆ ਜਾਂਦਾ ਹੈ। ਨਾਟਕ ਜੀਵਨ ਦੀ ਨਕਲ ਹੁੰਦਿਆਂ ਹੋਇਆ ਵੀ ਅਸਲ ਤੋਂ ਵਧੇਰੇ ਯਥਾਰਥਕ ਚਿੱਤਰ ਪੇਸ਼ ਕਰਨ ਦੀ ਸਮਰੱਥਾ ਰੱਖਦਾ ਹੈ।

ਨਾਟਯ-ਸ਼ਾਸਤ੍ਰ ਦੇ ਕਰਤਾ ਭਰਤਮੁਨੀ ਨੇ ਲਿਖਿਆ ਹੈ ਕਿ ਨਾਟਕ ਇੱਕ ਦ੍ਰਿਸ਼-ਕਾਵਿ ਹੈ ਜੋ ਯਥਾਰਥ, ਕਲਪਨਾ ਜਾਂ ਪ੍ਰਤਿਭਾ ਦੀ ਸ਼ਕਤੀ ਦੁਆਰਾ ਵਿਸ਼ੇ ਵਸਤੂ ਨੂੰ ਸੰਗਠਿਤ ਕਰ ਕੇ, ਜੀਵਨ ਦੇ ਨੇਕੀ-ਬਦੀ ਤੇ ਸੱਚ-ਝੂਠ ਦੇ ਸੰਕਲਪਾਂ ਨੂੰ ਮਾਨਵੀ ਸੰਵੇਦਨਾ ਨਾਲ਼ ਜੋੜ ਕੇ ਅਨੋਖਾ ਰੂਪ ਧਾਰਨ ਕਰਦਾ ਹੈ ਅਤੇ ਆਮ ਲੋਕਾਂ ਨੂੰ ਸੁਹਜ-ਸੁਆਦ ਪ੍ਰਦਾਨ ਕਰਦਾ ਹੈ।

ਪੰਜਾਬੀ ਦੇ ਪ੍ਰਥਮ ਨਾਟਕਕਾਰ ਈਸ਼ਵਰ ਚੰਦਰ ਨੰਦਾ ਦਾ ਕਹਿਣਾ ਹੈ ਕਿ ਨਾਟਕ ਦਾ ਵੱਡਾ ਮਤਲਬ ਹੈ ਸਾਡੀ ਰੋਜ਼-ਦਿਹਾੜੀ ਦੀ ਜ਼ਿੰਦਗੀ ਤੇ ਵਰਤਾਰੇ ਦਾ ਨਕਸ਼ਾ ਖਿੱਚਣਾ ਹੈ। ਪ੍ਰੋ. ਦੀਵਾਨ ਸਿੰਘ ਦਾ ਵਿਚਾਰ ਹੈ ਕਿ ਨਾਟਕ ਜੀਵਨ ਦੀਆਂ ਕੁਝ ਘਟਨਾਵਾਂ ਨੂੰ ਇੱਕ ਸੁਹਜਮਈ ਸ਼ੈਲੀ ਵਿੱਚ ਸਵਾਂਗ ਰਾਹੀਂ ਪ੍ਰਸਤੁਤ ਕਰਨ ਦੀ ਕਲਾ ਦਾ ਨਾਂ ਹੈ। ਪੰਜਾਬੀ ਦੇ ਪ੍ਰਸਿੱਧ ਨਾਟਕਕਾਰ ਬਲਵੰਤ ਗਾਰਗੀ ਨੇ ਨਾਟਕ ਦੇ ਸੰਕਲਪ ਬਾਰੇ ਕਿਹਾ ਹੈ ਕਿ ਰੰਗ-ਮੰਚ ਉੱਤੇ ਜਿਹੜਾ ਕਾਰਜ ਹੋ ਰਿਹਾ ਹੈ ਉਹ ਕੋਈ ਜੀਵਨ-ਘਟਨਾ ਦੀ ਝਾਕੀ ਨਹੀਂ ਹੈ, ਸਗੋਂ ਤਪਦੇ ਹੋਏ ਮਾਰੂਥਲਾਂ ਦੀ ਪ੍ਰਦਰਸ਼ਨੀ ਹੈ।

ਸਮੁੱਚੇ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਨਾਟਕ ਇੱਕ ਅਜਿਹੀ ਮਿਸ਼ਰਿਤ-ਕਲਾ ਹੈ ਜਿਸ ਦੀ ਸਿਰਜਨਾ ਵਿੱਚ ਸਾਹਿਤਿਕ ਅੰਸ਼ਾਂ ਦੇ ਨਾਲ਼-ਨਾਲ਼ ਰੰਗ-ਮੰਚ ਦੀ ਵੀ ਅਹਿਮ ਭੂਮਿਕਾ ਹੁੰਦੀ ਹੈ। ਇਸ ਲਈ ਨਾਟ੍ਕ ਦੇ ਸਿਰਜਕ ਨਾਟਕਕਾਰ ਤੋਂ ਇਲਾਵਾ ਨਿਰਮਾਤਾ/ਨਿਰਦੇਸ਼ਕ, ਐਕਟਰ, ਰੂਪ-ਸਜਾ, ਅਭਿਨੈ ਆਦਿ ਦੀ ਵੀ ਅਹਿਮ ਭੂਮਿਕਾ ਹੁੰਦੀ ਹੈ। ਇਸ ਲਈ ਨਾਟਕ ਨੂੰ ਸਾਹਿਤ ਅਤੇ ਮੰਚ-ਕਲਾ ਦਾ ਮਿਲਵਾਂ ਰੂਪ ਕਿਹਾ ਜਾ ਸਕਦਾ ਹੈ। ਨਾਟਕ ਦੀ ਸਿਰਜਨਾ ਨਾਟਕਕਾਰ ਕਰਦਾ ਹੈ। ਉਹ ਆਪਣੀ ਰਚਨਾ ਵਿੱਚ ਹਾਜ਼ਰ ਤਾਂ ਰਹਿੰਦਾ ਹੈ ਪਰ ਉਹ ਸਾਹਮਣੇ

ਨਹੀਂ ਹੁੰਦਾ। ਆਪਣੇ ਪਾਤਰਾਂ ਦੇ ਕਾਰਜਾਂ ਰਾਹੀਂ ਹੀ ਨਾਟਕਕਾਰ ਆਪਣੇ ਨਾਟ ਵਿੱਚ ਸਾਹਮਣੇ ਆਉਂਦਾ ਹੈ। ਕਈ ਵਾਰ ਨਾਟਕਕਾਰ ਆਪਣੇ ਕਿਸੇ ਪਾਤਰ ਆਪਣਾ ਪ੍ਰਤਿਨਿਧ ਸਥਾਪਿਤ ਕਰ ਲੈਂਦਾ ਹੈ ਜੋ ਉਸ ਦੀਆਂ ਰੁਚੀਆਂ ਮਨੋਬਿਰਤੀਆਂ ਨੂੰ ਸਾਕਾਰ ਕਰਦਾ ਹੈ। ਇਸ ਤਰ੍ਹਾਂ ਸਿਧਾਂਤਿਕ ਤੌਰ 'ਤੇ ਨਾਟਕ ਆਤਮ-ਨਿਰਪੇਖ ਸਾਹਿਤਿਕ ਰੂਪ ਹੈ। ਜਿੱਥੇ ਨਾਟਕਕਾਰ ਦੀ ਸ਼ਖ਼ਸੀਅਤ ਸਿੱਧੇ ਰੂ 'ਤੇ ਦਾਖ਼ਲ ਨਹੀਂ ਹੁੰਦੀ।

ਨਾਟਕ ਦੇ ਤੱਤ

ਨਾਟਕ ਦੇ ਤੱਤਾਂ ਬਾਰੇ ਸੰਸਕ੍ਰਿਤ ਯੂਨਾਨੀ ਅਤੇ ਪੱਛਮੀ ਸਾਹਿਤ ਵਿੱ ਬਹੁਤ ਵਿਸਤਾਰ ਨਾਲ਼ ਚਰਚਾ ਹੋਈ ਹੈ। ਭਾਰਤੀ ਨਾਟਕ ਪਰੰਪਰਾ ਬਹੁਤ ਪੁਰਾਣੀ ਹੈ। ਪਹਿਲੀ ਸਦੀ ਪੂਰਵ ਈਸਵੀ ਵਿੱਚ ਲਿਖੇ ਨਾਟਕੀ ਕਲਾ ਦੇ ਭਰਤਮੁਨੀ ਦੁਆਰ ਰਚਿਤ ਅਲੋਚਨਾ ਗ੍ਰੰਥ 'ਨਾਟਯ ਸ਼ਾਸ਼ਤ੍ਰ' ਵਿੱਚ ਕਈ ਨਾਟਕਕਾਰਾਂ ਦਾ ਉਲੇਖ ਹੈ ਕਾਲੀਦਾਸ ਭਾਰਤੀ ਸੰਸਕ੍ਰਿਤ ਨਾਟਕਕਾਰਾਂ ਵਿੱਚੋਂ ਸ਼ਿਰੋਮਣੀ ਹੈ। ਉਸ ਦੇ ਨਾਟਕ 'ਅਭਿਗਿਆਨ ਸ਼ਾਕੁੰਤਲਮ' ਦੇ ਅਨੇਕ ਯੂਰਪੀ ਭਾਸ਼ਾਵਾਂ ਵਿੱਚ ਅਨੁਵਾਦ ਹੋਏ ਹਨ ਸ਼ੂਦਰਕ ਦਾ ਨਾਟਕ 'ਮ੍ਰਿੱਛਕਟਿਕ' (ਮਿੱਟੀ ਦਾ ਗਡੀਰਾ) ਵੀ ਬਹੁਤ ਪ੍ਰਸਿੱਧ ਨਾਟਕ ਹੈ। ਮੁਸਲਮਾਨੀ ਹਕੂਮਤ ਸਮੇਂ ਨਾਟਕ-ਕਲਾ ਦਾ ਪਤਨ ਹੋਇਆ ਪਰ ਅੰਗਰੇਜ਼ੀ ਹਕੂਮਤ ਦੌਰਾਨ ਨਾਟਕ ਦੀ ਸੁਰਜੀਤੀ ਹੋਈ ਹੈ। ਪੰਜਾਬੀ ਸਾਹਿਤ ਵਿੱਚ ਨਾਟਕ ਦੀ ਸਿਰਜਣਾ ਤੇ ਰਚਨਾ-ਵਿਧਾਨ ਪੱਛਮੀ ਪਰੰਪਰਾ ਤੋਂ ਹੀ ਪ੍ਰਭਾਵਿਤ ਹੈ। ਇਸ ਲਈ ਨਾਟਕ ਦੇ ਤੱਤ ਵੀ ਪੱਛਮੀ ਰਚਨਾ-ਕਲਾ ਅਨੁਸਾਰ ਹੀ ਮੰਨੇ ਜਾਂਦੇ ਹਨ। ਇਹ ਠੀਕ ਹੈ ਕਿ ਭਾਰਤ ਦੀ ਆਧੁਨਿਕ ਨਾਟਕ-ਕਲਾ ਵਿੱਚ ਭਾਰਤੀ ਨਾਟਕੀ ਤੱਤਾਂ ਦਾ ਵੀ ਯੋਗਦਾਨ ਹੈ ਪਰ ਪੱਛਮੀ ਪ੍ਰਭਾਵ ਜ਼ਿਆਦਾ ਹੈ। ਸੰਸਕ੍ਰਿਤ ਦੇ ਪ੍ਰਾਚੀਨ ਆਚਾਰੀਆਂ ਨੇ ਨਾਟਕ ਦੇ ਤਿੰਨ ਤੱਤ ਹੀ ਮੰਨੇ ਹਨ। ਪਰ ਡਾ. ਗੋਵਿੰਦ ਤ੍ਰਿਗੁਣਾਇਤ ਦੇ ਅਨੁਸਾਰ ਇਹ ਨਾਟਕੀ ਤੱਤ ਹੁਣ ਪੰਜ ਹਨ - ਕਥਾ-ਵਸਤੂ, ਅਭਿਨੇਤਾ, ਰਸ ਅਭਿਨੈ ਅਤੇ ਵ੍ਰਿਤੀ। ਪੱਛਮੀ ਵਿਦਵਾਨਾਂ ਨੇ ਨਾਟਕ ਦੇ ਮੁੱਖ ਤੌਰ 'ਤੇ ਛੇ ਤੱਤ ਸਵੀਕਾਰ ਕੀਤੇ ਹਨ। ਉਹ ਹਨ - ਕਥਾ-ਵਸਤੂ, ਪਾਤਰ ਵਾਰਤਾਲਾਪ, ਦੇਸ-ਕਾਲ-ਵਾਤਾਵਰਨ, ਭਾਸ਼ਾ ਤੇ ਸ਼ੈਲੀ ਅਤੇ ਉਦੇਸ਼। ਹੁਣ ਇਹਨਾਂ ਤੱਤਾਂ ਦਾ ਤਰਤੀਬਵਾਰ ਵਰਨਣ ਅਤੇ ਵਿਸ਼ਲੇਸ਼ਣ ਕੀਤਾ ਜਾਂਦਾ ਹੈ -

ਕਥਾ-ਵਸਤੂ ਜਾਂ ਪਲਾਟ

ਨਾਟਕ ਦੀ ਕਹਾਣੀ, ਪਲਾਟ ਜਾਂ ਕਥਾਨਕ ਨੂੰ ਕਥਾ-ਵਸਤੂ ਕਿਹ ਜਾਂਦਾ ਹੈ। ਕਥਾ-ਵਸਤੂ ਹੀ ਨਾਟਕ ਦੀ ਆਧਾਰ-ਸ਼ਿਲਾ ਹੈ। ਕਈ ਵਿਦਵਾ ਕਥਾਨਕ ਨੂੰ ਕਹਾਣੀ ਤੋਂ ਥੋੜ੍ਹਾ ਵੱਖਰਾ ਮੰਨਦੇ ਹਨ। ਕਹਾਣੀ ਤਾਂ ਜੀਵਨ ਦੀਆ ਉੱਘੜੀਆਂ-ਦੁੱਘੜੀਆਂ ਘਟਨਾਵਾਂ ਦਾ ਜੋੜ ਮਾਤਰ ਹੈ ਪਰ ਕਥਾਨਕ ਘਟਨਾਵ

ਦੀ ਸੰਗਠਿਤ ਕੀਤੀ ਕਲਾਮਈ ਲੜੀ ਹੈ। ਅਰਸਤੂ ਤੋਂ ਲੈ ਕੇ ਆਧੁਨਿਕ ਸਮੇਂ ਤੱਕ ਕਥਾਨਕ ਦੀ ਮਹੱਤਤਾ ਨੂੰ ਸਵੀਕਾਰਿਆ ਗਿਆ ਹੈ।

ਭਾਰਤੀ ਵਿਦਵਾਨਾਂ ਨੇ ਕਥਾ-ਵਸਤੂ ਦੇ ਤਿੰਨ ਭੇਦ ਮੰਨੇ ਹਨ :

(ੳ) ਇਤਿਹਾਸ ਵਿੱਚ ਪ੍ਰਸਿੱਧ ਕਥਾ-ਵਸਤੂ

(ਅ) ਕਲਪਿਤ

(ੲ) ਮਿਸ਼ਰਿਤ

ਕਥਾ-ਵਸਤੂ ਵਿਕਾਸ ਕਰਦੀ ਹੋਈ ਆਪਣੇ ਅੰਤਿਮ ਬਿੰਦੂ ਤੱਕ ਪਹੁੰਚਦੀ ਹੈ। ਭਾਰਤੀ ਅਚਾਰੀਆਂ ਨੇ ਨਾਟਕ ਦੀ ਕਥਾ-ਵਸਤੂ ਦੇ ਵਿਕਾਸ ਦੀਆਂ ਪੰਜ ਅਵਸਥਾਵਾਂ ਦਾ ਜ਼ਿਕਰ ਕੀਤਾ ਹੈ :-

(ੳ) ਪ੍ਰਾਰੰਭ

(ਅ) ਪ੍ਰਯਤਨ

(ੲ) ਪ੍ਰਾਪਤੀ-ਆਸ਼ਾ

(ਸ) ਨਿਯਤ ਆਪਤੀ ਜਾਂ ਨਿਯਤ ਪ੍ਰਾਪਤੀ

(ਹ) ਫਲਾਗਮ ਜਾਂ ਫਲ਼ -ਪ੍ਰਾਪਤੀ

ਨਾਟਕੀ ਕਥਾ ਨੂੰ ਗਤੀ ਪ੍ਰਦਾਨ ਕਰਨ ਲਈ ਇੱਕ ਘਟਨਾ ਦੂਜੀ ਘਟਨਾ ਨੂੰ ਕਿਵੇਂ ਜਨਮ ਦਿੰਦੀ ਹੈ, ਇਸ ਸਾਰੀ ਪ੍ਰਕਿਰਿਆ ਨੂੰ ਅਰਥ-ਪ੍ਰਕਿਰਤੀ ਕਿਹਾ ਗਿਆ ਹੈ। ਅਰਥ ਪ੍ਰਕਿਰਤੀਆਂ ਪੰਜ ਹਨ : ਬੀਜ, ਬਿੰਦੂ, ਪਤਾਕਾ, ਪ੍ਰਕਰੀ ਅਤੇ ਕਾਰਯ।

ਇਸੇ ਤਰ੍ਹਾਂ ਨਾਟਕੀ ਕਥਾ-ਵਸਤੂ ਦੇ ਵੱਖ-ਵੱਖ ਅੰਗਾਂ ਨੂੰ ਕਲਾਮਈ ਢੰਗ ਨਾਲ਼ ਜੋੜਨ ਤੇ ਸੰਗਠਿਤ ਕਰਨ ਲਈ ਜੋ ਵਿਧਾਨਿਕ ਜੁਗਤਾਂ ਵਰਤੀਆਂ ਜਾਂਦੀਆਂ ਹਨ ਉਹਨਾਂ ਨੂੰ ਸੰਧੀ ਕਿਹਾ ਜਾਂਦਾ ਹੈ। ਸੰਧੀ ਦਾ ਭਾਵ ਆਪਸ ਵਿੱਚ ਗੰਢਣਾ ਜਾਂ ਜੋੜਣਾ ਤੇ ਮੇਲ਼ਨਾ ਹੈ।

ਪੱਛਮੀ ਵਿਦਵਾਨਾਂ ਨੇ ਕਥਾ-ਵਸਤੂ ਦੇ ਵਿਕਾਸ ਦੀਆਂ ਪੰਜ ਅਵਸਥਾਵਾਂ ਜਾਂ ਸਥਿਤੀਆਂ ਮੰਨੀਆਂ ਹਨ :-

(ੳ) ਅਰੰਭ ਜਾਂ ਪ੍ਰਸਤਾਵਨਾ (Exposition)

(ਅ) ਸੰਘਰਸ਼ ਜਾਂ ਕਾਰਜ ਦਾ ਵਿਕਾਸ (Rising action)

(ੲ) ਸਿਖਰ ਜਾਂ ਚਰਮ-ਸੀਮਾ (Climax)

(ਸ) ਉਤਾਰ ਜਾਂ ਨਿਬੇੜਾ (Denoument)

(ਹ) ਸਮਾਪਤੀ (Conclusion)

ਇਹਨਾਂ ਅਵਸਥਾਵਾਂ ਨੂੰ ਇੱਕ ਰੇਖਾ ਚਿੱਤਰ ਦੁਆਰਾ ਇਸ ਤਰ੍ਹਾਂ ਸਮਝਿਆ ਜਾ ਸਕਦਾ ਹੈ :



ਚਿੱਤਰ

ਨਾਟਕ ਦੀ ਕਥਾ- ਵਸਤੂ ਦਾ ਵਿਕਾਸ

ਨਾਟਕ ਦੀ ਅਰੰਭਿਕ ਸਥਿਤੀ ਵਿੱਚ ਕਿਸੇ ਸੰਘਰਸ਼ਮਈ ਘਟਨਾ ਦੀ ਸ਼ੁਰੂਆਤ ਹੁੰਦੀ ਹੈ। ਫਿਰ ਦੋ ਵਿਰੋਧੀ ਧਿਰਾਂ ਦਾ ਸੰਘਰਸ਼ ਤੇ ਵਿਰੋਧ ਵੱਧ ਜਾਂਦਾ ਹੈ ਅਤੇ ਟੱਕਰ ਸਿਖਰ ਤੱਕ ਪਹੁੰਚਣ ਲੱਗ ਪੈਂਦੀ ਹੈ। ਇਹ ਵਿਰੋਧੀ ਸ਼ਕਤੀਆਂ ਨਾਇਕ ਤੇ ਖਲਨਾਇਕ, ਵਿਅਕਤੀ ਤੇ ਸਮਾਜ ਜਾਂ ਅੰਤਰ -ਦਵੰਦ ਦੀ ਸ਼ਕਲ ਵਿੱਚ ਉੱਭਰਦੀਆਂ ਹਨ। ਉਤਾਰ ਦੀ ਸਥਿਤੀ ਵਿੱਚ ਜਿੱਤ-ਹਾਰ ਦਾ ਫ਼ੈਸਲਾ ਹੋ ਕੇ ਸਾਹਮਣੇ ਆਉਣ ਲੱਗ ਪੈਂਦਾ ਹੈ ਅਤੇ ਸਮਾਪਤੀ ਵਿੱਚ ਸਾਰੇ ਸੰਘਰਸ਼ ਦਾ ਅੰਤ ਹੋ ਜਾਂਦਾ ਹੈ। ਪਰੰਤੂ ਆਧੁਨਿਕ ਸਮੇਂ ਵਿੱਚ ਨਾਟਕਾਂ ਦਾ ਅੰਤ ਸੁਝਾਊ ਵੀ ਕੀਤਾ ਜਾਂਦਾ ਹੈ ਅਰਥਾਤ ਸਿੱਧੇ ਤੇ ਪ੍ਰਤੱਖ ਰੂਪ ਵਿੱਚ ਜਿੱਤ-ਹਾਰ ਦਾ ਫੈਸਲਾ ਨਹੀਂ ਕੀਤਾ ਜਾਂਦਾ। ਇਸ ਤਰ੍ਹਾਂ ਦਾ ਨਾਟਕ ਰੰਗ-ਮੰਚ ਉੱਤੇ ਤਾਂ ਸਮਾਪਤ ਹੋ ਜਾਂਦਾ ਹੈ ਪਰੰਤੂ ਦਰਸ਼ਕ ਦੇ ਦਿਮਾਗ਼ ਵਿੱਚ ਚੱਲਦਾ ਰਹਿੰਦਾ ਹੈ ਭਾਵ ਦਰਸ਼ਕ ਨਾਟਕ ਦੇ ਅੰਤ ਦੀਆਂ ਵੱਖ-ਵੱਖ ਸੰਭਾਵਨਾਵਾਂ ਬਾਰੇ ਸੋਚਦਾ ਰਹਿੰਦਾ ਹੈ।

ਨਾਟਕ ਦੇ ਰਚਨਾਤਮਿਕ ਸੰਦਰਭ ਵਿੱਚ ਪੱਛਮੀ ਵਿਦਵਾਨਾਂ ਨੇ ਤਿੰਨ ਏਕਤਾਵਾਂ ਦਾ ਹੋਣਾ ਜ਼ਰੂਰੀ ਮੰਨਿਆ ਹੈ, ਉਹ ਹਨ -

(ੳ) ਸਮੇਂ ਦੀ ਏਕਤਾ (Unity of time)

(ਅ) ਸਥਾਨ ਦੀ ਏਕਤਾ (Unity of Place)

(ੲ) ਕਾਰਜ ਦੀ ਏਕਤਾ (Unity of action)

ਯੂਨਾਨੀ ਨਾਟਕਾਂ ਵਿੱਚ ਤਿੰਨ ਏਕਤਾਵਾਂ ਉੱਤੇ ਖ਼ਾਸ ਜ਼ੋਰ ਦਿੱਤਾ ਜਾਂਦਾ ਸੀ। ਨਾਟਕ ਵਿੱਚ ਦਰਸਾਈਆਂ ਘਟਨਾਵਾਂ ਇੱਕ ਨਿਸ਼ਚਿਤ ਸਮੇਂ ਵਿੱਚ ਰੰਗ-ਮੰਚ ਉੱਤੇ ਦਿਖਾਈਆਂ ਜਾ ਸਕਦੀਆਂ ਹੋਣ। ਇਹਨਾਂ ਘਟਨਾਵਾਂ ਦੀ ਚੋਣ ਵੇਲ਼ੇ ਘਟਨਾਵਾਂ ਦੇ ਵਾਪਰਨ ਦੇ ਸਮੇਂ ਦਾ ਵੀ ਧਿਆਨ ਰੱਖਣਾ ਬਣਦਾ ਹੈ ਕਿਉਂਕਿ ਘਟਨਾਵਾਂ ਵਿੱਚ ਕਈ-ਕਈ ਸਾਲਾਂ ਜਾਂ ਸਦੀਆਂ ਦਾ ਫ਼ਰਕ ਸਟੇਜ 'ਤੇ ਪ੍ਰਭਾਵਸ਼ਾਲੀ ਢੰਗ ਨਾਲ਼ ਦਿਖਾਉਣਾ ਸੰਭਵ ਨਹੀਂ ਹੁੰਦਾ। ਦੂਜੀ ਏਕਤਾ ਦਾ ਸੰਬੰਧ ਸਥਾਨ ਨਾਲ਼ ਹੈ। ਇਸ ਦਾ ਭਾਵ ਹੈ ਕਿ ਕਥਾ-ਵਸਤੂ ਵਿੱਚ ਦਰਸਾਈਆਂ ਘਟਨਾਵਾਂ ਦੇ ਵਾਪਰਨ ਸਥਾਨ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ। ਉਦਾਹਰਨ ਲਈ ਜੇ ਨਾਟਕ ਦੀ ਇੱਕ ਘਟਨਾ ਰਾਜ-ਦਰਬਾਰ ਵਿੱਚ ਵਾਪਰਦੀ ਹੈ ਅਤੇ ਦੂਜੀ ਯੁੱਧ ਦੇ ਮੈਦਾਨ ਵਿੱਚ, ਇਹਨਾਂ ਦੋਵਾਂ ਘਟਨਾਵਾਂ ਨੂੰ ਅਗੜ-ਪਿੱਛੜ ਸਟੇਜ ਉੱਤੇ ਦਿਖਾਉਣਾ ਔਖਾ ਹੈ। ਇਸ ਲਈ ਕਥਾ-ਵਸਤੂ ਵਿੱਚ ਅਜਿਹੀ ਸਥਾਨ ਬਦਲੀ ਨਹੀਂ ਹੋਣੀ ਚਾਹੀਦੀ ਜਿਸ ਨੂੰ ਰੰਗ-ਮੰਚ 'ਤੇ ਸਾਕਾਰ ਕਰਨਾ ਸੰਭਵ ਨਾ ਹੋਵੇ। ਤੀਜੀ ਏਕਤਾ ਕਾਰਜ ਦੀ ਏਕਤਾ ਹੈ। ਇਸ ਤੋਂ ਭਾਵ ਹੈ ਕਿ ਨਾਟਕ ਦੇ ਮੁੱਖ -ਕਾਰਜ ਨਾਲ਼ ਸੰਬੰਧ ਨਾ ਰੱਖਣ ਵਾਲ਼ੇ ਕਾਰਜ ਨੂੰ ਨਾਟਕ ਦਾ ਹਿੱਸਾ ਨਾ ਬਣਾਇਆ ਜਾਵੇ। ਪਰੰਤੂ ਅੱਜ ਦੇ ਯੁੱਗ ਵਿੱਚ ਵਿਗਿਆਨਿਕ ਵਸੀਲਿਆਂ ਦੀ ਮਦਦ ਨਾਲ਼ ਉਪਰੋਕਤ ਏਕਤਾਵਾਂ ਵਿੱਚ ਰਹੀ ਕਿਸੇ ਵੀ ਤਰ੍ਹਾਂ ਘਾਟ ਨੂੰ ਪੂਰਾ ਕੀਤਾ ਜਾ ਸਕਦਾ ਹੈ। ਸੰਗੀਤ, ਰੌਸ਼ਨੀ ਅਤੇ ਅਵਾਜ਼ ਇਸ ਤਰ੍ਹਾਂ ਦੇ ਮੁੱਖ ਵਸੀਲੇ ਹਨ।

ਪਾਤਰ ਤੇ ਪਾਤਰ-ਉਸਾਰੀ

ਕਥਾਨਕ ਤੋਂ ਬਾਅਦ ਪਾਤਰ ਤੇ ਪਾਤਰ-ਉਸਾਰੀ ਨਾਟਕ ਦੇ ਪ੍ਰਮੁੱਖ ਰਚਨਾਤਮਿਕ ਤੱਤ ਹਨ। ਨਾਟਕ ਵਿੱਚ ਜਿਹੜੇ ਇਸਤਰੀ-ਪੁਰਸ਼ ਕਾਰਜ ਪੇਸ਼ ਕਰਦੇ ਹਨ ਉਹਨਾਂ ਨੂੰ ਟੈਕਸਟ ਵਿੱਚ ਪਾਤਰ ਕਿਹਾ ਜਾਂਦਾ ਹੈ। ਨਾਟਕ ਵਿੱਚ ਅਨੇਕ ਪਾਤਰ ਹੋ ਸਕਦੇ ਹਨ। ਪਾਤਰ-ਵਿਹੀਨ ਕੋਈ ਨਾਟਕ ਨਹੀਂ ਹੋ ਸਕਦਾ। ਇਹਨਾਂ ਪਾਤਰਾਂ ਦੇ ਆਸਰੇ ਹੀ ਨਾਟਕ ਦੀ ਕਹਾਣੀ ਦੀ ਬੁਣਤੀ ਕੀਤੀ ਜਾਂਦੀ ਹੈ ਅਤੇ ਕਥਾ-ਵਸਤੂ ਦੀ ਸਿਰਜਨਾ ਹੁੰਦੀ ਹੈ। ਨਾਟਕ ਦਾ ਪ੍ਰਧਾਨ ਪੁਰਸ਼ ਪਾਤਰ ਨਾਇਕ

ਅਤੇ ਇਸਤਰੀ ਪਾਤਰ ਨਾਇਕਾ ਹੁੰਦੀ ਹੈ। ਨਾਇਕ ਦਾ ਵਿਰੋਧੀ ਪ੍ਰਤਿਨਾਇਕ ਜਾਂ ਖਲਨਾਇਕ ਹੁੰਦਾ ਹੈ। ਸੰਸਕ੍ਰਿਤ ਨਾਟਕਾਂ ਵਿੱਚ ਵਿਦੂਸ਼ਕ ਇੱਕ ਹੋਰ ਹਸਾਉਣਾ ਪਾਤਰ ਹੁੰਦਾ ਸੀ।

ਅਰਸਤੂ ਨੇ ਪਲਾਟ ਜਾਂ ਕਥਾਨਕ ਨੂੰ ਸਾਹਿਤ ਦਾ ਕੇਂਦਰੀ ਤੱਤ ਮੰਨਿਆ ਸੀ ਪਰ ਆਧੁਨਿਕ ਆਲੋਚਕਾਂ ਨੇ ਪਾਤਰ-ਉਸਾਰੀ ਨੂੰ ਵੀ ਕੋਈ ਘੱਟ ਮਹੱਤਵ ਨਹੀਂ ਦਿੱਤਾ। ਪਾਤਰਾਂ ਦੇ ਜ਼ਰੀਏ ਨਾਟਕੀ ਘਟਨਾਵਾਂ ਘਟਦੀਆਂ ਹਨ ਅਤੇ ਪਾਤਰਾਂ ਦੀ ਚਰਿੱਤਰ-ਉਸਾਰੀ ਵੀ ਘਟਨਾਵਾਂ ਤੋਂ ਪ੍ਰਭਾਵਿਤ ਹੁੰਦੀ ਹੈ। ਇਉਂ ਪਾਤਰਾਂ ਦੇ ਮਾਧਿਅਮ ਦੁਆਰਾ ਕਥਾਨਕ ਦੀ ਸਿਰਜਨਾ ਹੁੰਦੀ ਹੈ। ਇਸ ਪ੍ਰਕਾਰ ਨਾਟਕ ਦੀ ਰਚਨਾ ਵਿੱਚ ਪਾਤਰ ਦਾ ਸੰਕਲਪ ਵੀ ਇੱਕ ਮਹੱਤਵਪੂਰਨ ਤੱਤ ਹੈ।

ਨਾਟਕ ਦੇ ਪਾਤਰ ਜਿਉਂਦੇ-ਜਾਗਦੇ ਹੋਣੇ ਚਾਹੀਦੇ ਹਨ ਜਿਹੜੇ ਸਾਨੂੰ ਜ਼ਿੰਦਗੀ ਦੇ ਕਿਸੇ ਨਾ ਕਿਸੇ ਮੋੜ 'ਤੇ ਮਿਲ ਸਕਦੇ ਹੋਣ। ਪਾਤਰਾਂ ਦੀ ਸ਼ਖ਼ਸੀਅਤ, ਪਹਿਨ-ਪਹਿਰਾਵਾ, ਗੱਲ-ਬਾਤ ਦਾ ਅੰਦਾਜ਼, ਉਹਨਾਂ ਦੇ ਕਾਰ-ਵਿਹਾਰ ਅਤੇ ਉਹਨਾਂ ਦੇ ਨਾਮਕਰਨ ਜ਼ਿੰਦਗੀ ਦੇ ਨੇੜੇ ਲੱਗਣੇ ਚਾਹੀਦੇ ਹਨ ਜਿਹੜੇ ਅਸਲੀਅਤ ਦੀ ਝਲਕ ਪੈਦਾ ਕਰ ਸਕਣ ਅਤੇ ਦਰਸ਼ਕ ਨੂੰ ਉਠਾ ਕੇ ਕਲਾ-ਸੰਸਾਰ ਵਿੱਚ ਸਥਾਨਾਂਤਰ ਕਰ ਸਕਣ।

ਨਾਟਕ ਦੇ ਪ੍ਰਧਾਨ ਪਾਤਰ ਨੂੰ ਨਾਇਕ (ਹੀਰੋ) ਕਿਹਾ ਜਾਂਦਾ ਹੈ, ਏਸੇ ਨੂੰ ਹੀ ਸੰਸਕ੍ਰਿਤ ਨਾਟਕਕਾਰ "ਨੇਤਾ" ਕਹਿੰਦੇ ਸਨ। ਪ੍ਰਾਚੀਨ ਧਾਰਨਾ ਦੇ ਅਨੁਸਾਰ ਹੀਰੋ (ਨਾਇਕ) ਨਾਟਕ ਵਿੱਚ ਸ਼ੁਰੂ ਤੋਂ ਲੈ ਕੇ ਅਖ਼ੀਰ ਤੱਕ ਹਾਜ਼ਰ ਰਹਿੰਦਾ ਹੈ। ਪਰ ਅੱਜ ਬੌਧਿਕ ਯੁੱਗ ਵਿੱਚ ਅਜਿਹੀ ਪਾਬੰਦੀ ਜਾਂ ਪ੍ਰਤਿਬੰਧ ਲਾਜ਼ਮੀ ਨਹੀਂ ਹੈ। ਨਾਇਕ-ਪਾਤਰ ਹੀ ਨਾਟਕੀ ਕਥਾ-ਵਸਤੂ ਦਾ ਕੇਂਦਰੀ ਬਿੰਦੂ ਹੈ, ਜਿਸ ਦੇ ਇਰਦ-ਗਿਰਦ ਸਾਰੀਆਂ ਘਟਨਾਵਾਂ ਉਣੀਆਂ-ਬੁਣੀਆਂ ਜਾਂਦੀਆਂ ਹਨ। ਨਾਟਕ ਦੇ ਸੰਸਕ੍ਰਿਤ ਵਿਦਵਾਨਾਂ ਨੇ ਨਾਇਕ (ਨੇਤਾ) ਦੇ ਕੁਝ ਜ਼ਰੂਰੀ ਗੁਣ ਨਿਰਧਾਰਿਤ ਕੀਤੇ ਹਨ। ਉਹਨਾਂ ਦੇ ਅਨੁਸਾਰ ਨਾਇਕ ਸਿਆਣਾ, ਬੁੱਧੀਮਾਨ, ਉਤਸ਼ਾਹੀ, ਬੋਲਣ ਵਿੱਚ ਚਤਰ, ਕਾਰਜ-ਕੁਸ਼ਲ, ਮਿੱਠਬੋਲਾ, ਹਰਮਨ ਪਿਆਰਾ, ਕਲਾ ਪ੍ਰੇਮੀ, ਸੂਰਬੀਰ ਤੇ ਤੇਜ-ਪ੍ਰਤਾਪੀ ਹੋਣਾ ਚਾਹੀਦਾ ਹੈ। ਨਾਇਕ ਕੁਲੀਨ ਹੋਵੇ, ਕੋਈ ਰਾਜਾ ਜਾਂ ਵੀਰ ਪੁਰਸ਼ ਹੋਵੇ। ਆਧੁਨਿਕ ਨਾਟਕ ਹੁਣ ਕਾਫੀ ਹੱਦ ਤੱਕ ਸੁਤੰਤਰ ਹੈ। ਅਜੋਕਾ ਨਾਟਕਕਾਰ ਕਿਸੇ ਸ਼ਰਾਬੀ, ਜੁਏਬਾਜ਼, ਦੁਰਾਚਾਰੀ ਜਾਂ ਭ੍ਰਿਸ਼ਟਾਚਾਰੀ ਨੂੰ ਵੀ ਨਾਇਕ ਵਜੋਂ ਚਿਤਰਿਤ ਕਰ ਸਕਦਾ ਹੈ। ਨਾਇਕ ਤੋਂ ਇਲਾਵਾ ਨਾਟਕ ਵਿੱਚ ਵੀ ਕਈ ਪਾਤਰ ਹੋ ਸਕਦੇ ਹਨ ਜਿਹੜੇ ਅਸਲ ਵਿੱਚ ਮੁੱਖ ਕਹਾਣੀ ਨੂੰ ਗਤੀਸ਼ੀਲ ਬਣਾਉਣ ਵਿੱਚ ਜਾਂ ਨਾਇਕ ਦੇ ਚਰਿੱਤਰ ਨੂੰ ਜਾਂ ਨਾਟਕ ਦੇ ਉਦੇਸ਼ ਨੂੰ ਉਜਾਗਰ ਕਰਨ ਵਿੱਚ ਸਹਾਇਤਾ ਕਰਦੇ ਹਨ।

ਜਿੱਥੋਂ ਤੱਕ ਪਾਤਰ-ਉਸਾਰੀ ਦਾ ਤੁਅੱਲਕ ਹੈ, ਇਸ ਨੂੰ ਅੱਜ-ਕੱਲ੍ਹ ਦੇ ਨਾਟਕੀ ਵਿਧਾਨ ਵਿੱਚ ਵਿਸ਼ੇਸ਼ ਅਹਿਮੀਅਤ ਦਿੱਤੀ ਜਾਂਦੀ ਹੈ। ਪਾਤਰ-ਉਸਾਰੀ ਵਿੱਚ ਵਿਭਿੰਨ ਪਾਤਰਾਂ ਦੀਆਂ ਮਾਨਸਿਕ, ਭਾਵਾਤਮਿਕ, ਸਮਾਜਿਕ ਆਦਿ ਪਰਿਸਥਿਤੀਆਂ ਨੂੰ ਚਿਤਰਿਤ ਕੀਤਾ ਜਾਂਦਾ ਹੈ ਤਾਂ ਜੋ ਪਾਤਰਾਂ ਦੀਆਂ ਲੋਕਾਰਥੀ ਤੇ ਸਵਾਰਥੀ ਮਨੋਬਿਰਤੀਆਂ ਉਜਾਗਰ ਕਰ ਸਕਣ ਅਤੇ ਉਹ ਜੀਵਨ ਤੇ ਜਗਤ ਦੇ ਸਾਹਮਣੇ ਕੋਈ ਆਦਰਸ਼ ਉਪਸਥਿਤ ਕਰ ਸਕਣ। ਨਾਟਕਾਂ ਵਿੱਚ ਯਥਾਰਥਕ ਮਾਹੌਲ ਪੈਦਾ ਕਰਨ ਲਈ ਜ਼ਰੂਰੀ ਹੈ ਕਿ ਨਾਟਕੀ ਪਾਤਰਾਂ ਦੇ ਅੰਦਰਲੇ ਤੇ ਬਾਹਰਲੇ ਗੁਣ-ਔਗੁਣ ਵੱਖ-ਵੱਖ ਨਾਟਕੀ ਤਰੀਕਿਆਂ ਨਾਲ਼ ਪੇਸ਼ ਕੀਤੇ ਜਾਣ ਤਾਂ ਜੋ ਉਹ ਜੀਵਨ ਦੀ ਕਲਾਤਮਿਕ ਨਕਲ ਹੁੰਦੇ ਹੋਏ ਵੀ ਅਸਲ ਤੋਂ ਵੱਧ ਪ੍ਰਭਾਵਸ਼ਾਲੀ ਬਣ ਸਕਣ। ਇਸ ਲਈ ਨਾਟਕਕਾਰ ਆਪਣੇ ਪਾਤਰਾਂ ਨੂੰ ਸੁਹਿਰਦ ਤੇ ਸੰਘਰਸ਼ਮਈ ਪਰਿਸਥਿਤੀਆਂ ਵਿੱਚ ਸਥਾਪਿਤ ਕਰ ਕੇ ਉਹਨਾਂ ਦੀਆਂ ਕਿਰਿਆਵਾਂ ਪ੍ਰਤਿਕਿਰਿਆਵਾਂ ਦੇ ਰਾਹੀਂ ਚਿਤਰਨ ਵਲ਼ ਧਿਆਨ ਕੇਂਦਰਿਤ ਕਰਦਾ ਹੈ ਅਤੇ ਆਪਣੀ ਕਲਾ-ਕ੍ਰਿਤੀ ਨੂੰ ਜ਼ਿੰਦਗੀ ਵਾਂਗੂੰ ਮਘਦੀ ਰੱਖਣਾ ਲੋਚਦਾ ਹੈ। ਇਸ ਬਹੁ-ਪਸਾਰੀ ਉਦੇਸ਼ ਨੂੰ ਮੁੱਖ ਰੱਖ ਕੇ ਨਾਟਕਕਾਰ ਪਾਤਰ-ਉਸਾਰੀ ਦੇ ਕਿਰਿਆਤਮਿਕ ਪਹਿਲੂਆਂ ਪ੍ਰਤਿ ਪੂਰੀ ਤਰ੍ਹਾਂ ਵਚਨਬੱਧ ਹੁੰਦਾ ਹੈ।

ਪਾਤਰ-ਉਸਾਰੀ ਦੀ ਵਚਨਬੱਧਤਾ ਲਈ ਨਾਟਕਕਾਰ ਆਪਣੇ ਨਾਟਕਾਂ ਵਿੱਚ ਪਾਤਰਾਂ ਦੇ ਚਰਿੱਤਰ ਨੂੰ ਦੋ ਜਾਂ ਤਿੰਨ ਤਰੀਕਿਆਂ ਨਾਲ਼ ਉਸਾਰਨ ਲਈ ਸਰਗਰਮ ਹੁੰਦਾ ਹੈ। ਇਹਨਾਂ ਤਰੀਕਿਆਂ ਜਾਂ ਵਿਧਾਨਿਕ ਜੁਗਤਾਂ ਵਿੱਚ ਸਭ ਤੋਂ ਪ੍ਰਮੁੱਖ ਦੋ ਜੁਗਤਾਂ ਹਨ - ਇੱਕ ਹੈ ਪਾਤਰਾਂ ਦੇ ਕਾਰਜ ਤੇ ਵਿਹਾਰ ਅਤੇ ਦੂਜੀ ਹੈ ਪਾਤਰਾਂ ਦੇ ਸੰਵਾਦ ਤੇ ਵਾਰਤਾਲਾਪ। ਤੀਜੀ ਜੁਗਤ ਦੀ ਗੱਲ ਵੀ ਕੀਤੀ ਜਾਂਦੀ ਹੈ, ਉਹ ਹੈ ਰਚਨਾਕਾਰ ਵੱਲੋਂ ਪਾਤਰਾਂ ਬਾਰੇ ਸਿੱਧਾ-ਸਪਾਟ ਵਰਨਣ ਅਤੇ ਟੀਕਾ-ਟਿੱਪਣੀਆਂ। ਤੀਜੀ ਜੁਗਤ ਨਾਵਲ, ਕਹਾਣੀ ਵਿੱਚ ਤਾਂ ਸੰਭਵ ਹੈ ਪਰ ਨਾਟਕਾਂ ਵਿੱਚ ਸੰਭਵ ਨਹੀਂ, ਕਿਉਂਕਿ ਏਥੇ ਨਾਟਕਕਾਰ ਸਾਹਮਣੇ ਹਾਜ਼ਰ ਨਹੀਂ ਹੁੰਦਾ, ਓਹਲੇ ਰਹਿ ਕੇ ਹੀ ਨਾਟਕ ਦੀ ਸਾਰੀ ਗਤੀਵਿਧੀ ਨੂੰ ਪ੍ਰੇਰਿਤ ਕਰਦਾ ਹੈ। ਇਸ ਲਈ ਉਪਰੋਕਤ ਦੋ-ਜੁਗਤਾਂ ਹੀ ਮਹੱਤਵਸ਼ੀਲ ਹਨ।

ਨਾਟਕ ਵਿੱਚ ਪਾਤਰ ਖ਼ੁਦ ਅਜਿਹੀਆਂ ਬਿਖ਼ਮ ਪਰਿਸਥਿਤੀਆਂ ਵਿੱਚੋਂ ਲੰਘਦੇ ਹਨ ਜਿੱਥੇ ਉਹਨਾਂ ਦੇ ਕਾਰਜ ਭਾਵ ਐਕਸ਼ਨ ਅਤੇ ਪ੍ਰਤਿਕਿਰਿਆਵਾਂ ਉਹਨਾਂ ਦੇ ਕਿਰਦਾਰ ਤੇ ਆਚਾਰ ਨੂੰ ਉਜਾਗਰ ਕਰ ਜਾਂਦੇ ਹਨ। ਉਹਨਾਂ ਦੇ ਚਰਿੱਤਰ ਨੂੰ ਰੋਸ਼ਨ ਕਰ ਜਾਂਦੇ ਹਨ। ਇਹ ਪਾਤਰ-ਉਸਾਰੀ ਦੀ ਕਾਰਜੀ ਵਿਧੀ ਹੈ। ਪਾਤਰ ਉਸਾਰੀ ਦੀ ਦੂਜੀ ਵਿਧਾਨਿਕ -ਜੁਗਤ ਸੰਵਾਦ ਜਾਂ ਵਾਰਤਾਲਾਪ ਹੈ। ਨਾਟਕ ਦੀਆਂ ਵੱਖ-ਵੱਖ ਹਾਲਾਤਾਂ ਤੇ ਸਥਿਤੀਆਂ ਵਿੱਚ ਵੱਖ-ਵੱਖ ਪਾਤਰ ਆਪਸ ਵਿੱਚ

ਗੱਲ-ਬਾਤ ਤੇ ਵਾਰਤਾਲਾਪ ਕਰਦੇ ਦਿਖਾਏ ਜਾਦੇ ਹਨ। ਇਸ ਵਾਰਤਾਲਾਪ ਦੀ ਕਿਰਿਆ ਰਾਹੀਂ ਕਿਸੇ ਪਾਤਰ ਦਾ ਚਰਿੱਤਰ ਉੱਘੜਦਾ ਹੈ ਅਤੇ ਉਸ ਦੇ ਸ਼ਖ਼ਸੀ ਗੁਣ-ਔਗੁਣ ਜ਼ਾਹਰ ਹੁੰਦੇ ਹਨ। "ਬੋਲ-ਚਾਲ" ਇੱਕ ਅਜਿਹੀ ਸੁਭਾਵਿਕ ਕਿਰਿਆ ਹੈ ਜਿਸ ਰਾਹੀਂ ਹਰ ਵਿਅਕਤੀ ਦਾ ਨਿੱਜੀ ਆਪਾ ਪ੍ਰਗਟ ਹੋ ਜਾਂਦਾ ਹੈ, ਇਹ ਇੱਕ ਵਿਸ਼ਵ-ਪ੍ਰਸਿੱਧ ਸਿਧਾਂਤ ਹੈ।

ਇਸ ਪ੍ਰਕਾਰ ਨਾਟਕ ਦੇ ਰਚਨਾ-ਵਿਧਾਨ ਵਿੱਚ ਪਾਤਰ ਅਤੇ ਪਾਤਰ-ਉਸਾਰੀ ਦਾ ਮਹੱਤਵਪੂਰਨ ਸਥਾਨ ਸਿੱਧ ਹੁੰਦਾ ਹੈ।

ਵਾਰਤਾਲਾਪ ਜਾਂ ਸੰਵਾਦ

ਵਾਰਤਾਲਾਪ ਨਾਟਕ-ਕਲਾ ਦਾ ਇੱਕ ਹੋਰ ਮਹੱਤਵਪੂਰਨ ਰਚਨਾਤਮਿਕ ਤੱਤ ਹੈ। ਅਸਲ ਵਿੱਚ ਨਾਟਕ ਦਾ ਸਾਰਾ ਵਜੂਦ ਹੀ ਵਾਰਤਾਲਾਪ ਉੱਤੇ ਉੱਸਰਦਾ ਹੈ। ਵਾਰਤਾਲਾਪ ਦੀ ਬਦੌਲਤ ਹੀ ਨਾਟਕ ਵਿੱਚ ਕਥਾ-ਵਸਤੂ ਦਾ ਵਿਕਾਸ ਗਤੀਸ਼ੀਲ ਹੁੰਦਾ ਹੈ ਅਤੇ ਨਾਟਕੀ ਗੁਣਾਂ ਦੀ ਸਥਾਪਨਾ ਹੁੰਦੀ ਹੈ। ਵਾਰਤਾਲਾਪ ਸਮੂਹਿਕ ਕਿਰਿਆ ਹੈ, 'ਕੱਲਾ-ਕਹਿਰਾ ਪਾਤਰ ਸੰਵਾਦ ਨਹੀਂ ਰਚਾ ਸਕਦਾ। ਏਥੇ ਇਹ ਇੱਕ ਵਿਰੋਧਾਭਾਸ ਹੈ ਕਿ ਨਾਟਕਕਾਰ ਆਪਣੇ ਆਪ ਨੂੰ ਵਾਰਤਾਲਾਪ ਵਿੱਚੋਂ ਖ਼ਾਰਜ ਕਰ ਕੇ ਵਿਭਿੰਨ ਪਾਤਰਾਂ ਦੀ ਸੰਵਾਦ-ਸ਼ੈਲੀ ਅਤੇ ਉਹਨਾਂ ਦੀ ਵਾਰਤਾਲਾਪ ਦੇ ਪੱਧਰ ਨੂੰ ਹੀ ਪ੍ਰਸਤੁਤ ਕਰਦਾ ਹੈ ਕਿਉਂਕਿ ਨਾਟਕਕਾਰ ਵਾਰਤਾਲਾਪ ਵਿੱਚ ਕੋਈ ਹਿੱਸਾ ਨਹੀਂ ਲੈਂਦਾ ਭਾਵੇਂ ਵਾਰਤਾਲਾਪ ਉਸ ਦੀ ਪ੍ਰਤਿਭਾ ਦਾ ਹੀ ਕ੍ਰਿਸ਼ਮਾ ਹੁੰਦੀ ਹੈ।

ਨਾਟਕਕਾਰ ਦੀ ਕੋਸ਼ਸ਼ ਇਹ ਹੁੰਦੀ ਹੈ ਕਿ ਉਹ ਇਸ ਕਿਸਮ ਦੀ ਵਾਰਤਾਲਾਪ ਸਿਰਜਿਤ ਕਰੇ ਜਿਹੜੀ ਕਿ ਪਾਤਰਾਂ ਦੀ ਉਮਰ, ਪੜ੍ਹਾਈ, ਪਦਵੀ ਅਤੇ ਉਸ ਦੇ ਨਾਟਕ ਵਿੱਚ ਕੀਤੇ ਜਾ ਰਹੇ ਰੋਲ ਦੇ ਅਨੁਕੂਲ ਹੋਵੇ ਅਤੇ ਉਹ ਸੱਚੀ-ਮੁੱਚੀ ਅਤੇ ਸੁਣੀ-ਸੁਣਾਈ ਹੋਵੇ। ਵਾਰਤਾਲਾਪ ਸੁਭਾਵਿਕ ਹੋਣੀ ਚਾਹੀਦੀ ਹੈ, ਬਣਾਉਟੀ ਨਹੀਂ ਲੱਗਣੀ ਚਾਹੀਦੀ, ਨਹੀਂ ਤਾਂ ਨਾਟਕ ਵਿੱਚ ਰਸ-ਭੰਗ ਹੋ ਸਕਦਾ ਹੈ ਅਤੇ ਦਰਸ਼ਕਾਂ ਨੂੰ ਅਕੇਵਾਂ ਮਹਿਸੂਸ ਹੋ ਸਕਦਾ ਹੈ। ਜੇ ਦਰਸ਼ਕ ਉੱਭ ਜਾਂਦੇ ਹਨ ਤਾਂ ਨਾਟਕ ਅਸਫ਼ਲ ਹੋ ਸਕਦਾ ਹੈ। ਨਾਟਕੀ ਵਾਰਤਾਲਾਪ ਤਾਂ ਹੀ ਸਫਲ ਹੋ ਸਕਦੀ ਹੈ ਜੇਕਰ ਨਾਟਕਕਾਰ ਭਾਸ਼ਾ ਪ੍ਰਤਿ ਪੂਰੀ ਤਰ੍ਹਾਂ ਚੇਤੰਨ ਹੈ ਅਤੇ ਸੰਬੰਧਿਤ ਭਾਸ਼ਾ ਉੱਤੇ ਉਸ ਦੀ ਪੂਰੀ ਪਕੜ ਹੈ।

ਨਾਟਕੀ ਵਾਰਤਾਲਾਪ ਕੀ ਹੈ? ਅਸਲ ਵਿੱਚ ਕਿਸੇ ਵਿਸ਼ੇਸ਼ ਭਾਸ਼ਾ ਦੇ ਵਹਿਣ ਵਿੱਚੋਂ ਪਾਤਰਾਂ ਦੇ ਅਨੁਸਾਰ ਚੁਣਿਆ ਤੇ ਘੜਿਆ ਹੋਇਆ ਬੋਲੀ ਦਾ ਅੰਸ਼ ਹੀ ਵਾਰਤਾਲਾਪ ਹੈ। ਕੋਈ ਸਿੱਧ-ਹਸਤ ਨਾਟਕਕਾਰ ਹੀ ਵਾਰਤਾਲਾਪ ਦੇ ਲਈ ਭਾਸ਼ਾ ਚੋਣ ਵਿੱਚ ਕੁਸ਼ਲ ਹੋ ਸਕਦਾ ਹੈ। ਵਾਰਤਾਲਾਪ ਤਾਂ ਨਾਟਕ ਦਾ ਚਿਹਰਾ ਹੈ

ਜਿਸ ਵਿੱਚੋਂ ਨਾਟੱਕ ਦੀ ਸਮੁੱਚੀ ਰੂਹ ਝਲਕਦੀ ਦਿਸ ਪੈਂਦੀ ਹੈ। ਜੇਕਰ ਨਾਟਕ ਦੀ ਆਤਮਾ ਨੂੰ ਦਰਸ਼ਕਾਂ ਦੇ ਮਨ-ਮਸਤਕ ਉੱਤੇ ਸਹੀ ਅਰਥਾਂ ਵਿੱਚ ਅਸਰ-ਅੰਦਾਜ਼ ਕਰਨਾ ਹੈ ਤਾਂ ਨਾਟਕੀ ਵਾਰਤਾਲਾਪ ਨੂੰ ਨਾਟਕੀ, ਚੁਸਤ, ਠੋਸ, ਰਸਮਈ, ਰਸ ਭਰਪੂਰ ਤੇ ਮੁਹਾਵਰੇਦਾਰ ਬਣਾਉਣਾ ਪਵੇਗਾ।

ਨਾਟਕ ਵਿੱਚ ਕਈ ਤਰ੍ਹਾਂ ਦੀਆਂ ਝਾਕੀਆਂ ਹੁੰਦੀਆਂ ਹਨ। ਝਾਕੀਆਂ ਦੇ ਅਨੁਕੂਲ ਵਾਰਤਾਲਾਪ ਦਾ ਹੋਣਾ ਅਤਿਅੰਤ ਜ਼ਰੂਰੀ ਹੈ। ਜਿਵੇਂ ਬੀਰ ਰਸੀ ਝਾਕੀਆਂ ਵਿੱਚ ਵਾਰਤਾਲਾਪ ਦੀ ਭਾਸ਼ਾ ਓਜਸਵੀ ਤੇ ਜੋਸ਼ੀਲੀ ਹੁੰਦੀ ਹੈ। ਪ੍ਰੀਤ-ਪਿਆਰ ਦੇ ਰੁਮਾਂਟਿਕ ਮੌਕਿਆਂ 'ਤੇ ਵਾਰਤਾਲਾਪ ਦੀ ਬੋਲੀ ਸਕੋਮਲ, ਮਧੁਰ, ਜਜ਼ਬਾਤੀ, ਅਲੰਕ੍ਰਿਤ ਤੇ ਰਸੀਲੀ ਹੁੰਦੀ ਹੈ। ਇਸੇ ਤਰ੍ਹਾਂ ਸੋਗੀ ਵਾਤਾਵਰਨ ਵਿੱਚ ਵਾਰਤਾਲਾਪ ਦੀ ਸ਼ਬਦਾਵਲੀ ਕਰੁਣਾਮਈ, ਤਰਸ-ਭਾਵੀ, ਸ਼ੋਕ-ਭਰਪੂਰ ਅਤੇ ਭਾਵ-ਭਿੰਨੀ ਹੁੰਦੀ ਹੈ। ਅਨੁਕੂਲ ਵਾਤਾਵਰਨ ਦੀ ਉਸਾਰੀ ਵਿੱਚ ਨਾਟਕੀ ਵਾਰਤਾਲਾਪ ਬੜੀ ਅਹਿਮ ਭੂਮਿਕਾ ਅਦਾ ਕਰਦੀ ਹੈ।

ਨਾਟਕ ਸਾਡੀ ਜ਼ਿੰਦਗੀ ਦਾ ਪਰਛਾਂਵਾਂ ਹੈ, ਅਕਸ ਹੈ। ਸਾਡੀ ਗੱਲ-ਬਾਤ ਆਮ ਜ਼ਿੰਦਗੀ ਵਿੱਚ ਵਿਅੰਗਾਤਮਿਕ, ਰਮਜ਼ੀਆ ਤੇ ਕਾਟਵੀਂ ਹੁੰਦੀ ਹੈ। ਉਸ ਵਿੱਚ ਛੋਟੇ-ਛੋਟੇ ਪੂਰੇ ਤੇ ਅਧੂਰੇ ਫਿਕਰੇ ਹੁੰਦੇ ਹਨ। ਕਈ ਵਾਰ ਵਾਰਤਾਲਾਪ ਵਿੱਚ ਬਹੁਤਾ ਕੁਝ ਅਣਕਿਹਾ ਛੱਡ ਦਿੱਤਾ ਜਾਂਦਾ ਹੈ ਅਤੇ ਦਰਸ਼ਕ ਕਲਪਨਾ-ਸ਼ਕਤੀ ਨਾਲ ਅਧੂਰੀ ਗੱਲ ਨੂੰ ਪੂਰੀ ਕਰਦੇ ਹਨ। ਨਾਲ਼ੇ ਨਾਟਕ ਵਿੱਚ ਸੰਬੋਧਨ-ਸ਼ੈਲੀ ਤੇ ਪ੍ਰਸ਼ਨ-ਸ਼ੈਲੀ ਦੀ ਹੀ ਪ੍ਰਮੁੱਖਤਾ ਹੁੰਦੀ ਹੈ ਕਿਉਂਕਿ ਆਪਸੀ ਪ੍ਰਸ਼ਨੋਤਰੀ-ਸ਼ੈਲੀ ਵਿੱਚੋਂ ਵਾਰਤਾਲਾਪ ਦਾ ਸਿਲਸਿਲਾ ਜਾਰੀ ਰਹਿ ਸਕਦਾ ਹੈ।

ਵਾਰਤਾਲਾਪ ਦੇ ਕਈ ਉਦੇਸ਼ ਹਨ। ਜਿਵੇਂ ਕਿ ਉੱਪਰ ਲਿਖ ਆਏ ਹਾਂ ਕਿ ਪਾਤਰ-ਉਸਾਰੀ ਵਿੱਚ ਸੰਵਾਦ ਤੇ ਵਾਰਤਾਲਾਪ ਖ਼ਾਸ ਤੌਰ 'ਤੇ ਲਾਭਦਾਇਕ ਸਿੱਧ ਹੁੰਦੀ ਹੈ। ਜਦੋਂ ਵੱਖ-ਵੱਖ ਪਾਤਰ ਵਾਰਤਾਲਾਪ ਵਿੱਚ ਰੁੱਝੇ ਹੁੰਦੇ ਹਨ ਤਾਂ ਉਹ ਇੱਕ ਦੂਜੇ ਦੀਆਂ ਵਿਸ਼ੇਸ਼ਤਾਵਾਂ ਦਾ ਵੀ ਬਿਆਨ ਕਰ ਰਹੇ ਹੁੰਦੇ ਹਨ ਅਤੇ ਨਾਲ਼ੋ-ਨਾਲ਼ ਆਪਣੇ ਕਿਰਦਾਰ 'ਤੇ ਵੀ ਚਾਨਣਾ ਪਾ ਰਹੇ ਹੁੰਦੇ ਹਨ। ਇਸ ਤੋਂ ਇਲਾਵਾ ਵਾਰਤਾਲਾਪ ਕਥਾ ਦੀਆਂ ਤੰਦਾਂ ਨੂੰ ਵੀ ਅੱਗੇ ਤੋਰਦੇ ਹਨ ਅਤੇ ਨਾਟਕ ਦੇ ਮਾਹੌਲ ਤੇ ਵਾਤਾਵਰਨ ਦੀ ਉਸਾਰੀ ਕਰਨ ਵਿੱਚ ਵੀ ਯੋਗਦਾਨ ਪਾਉਂਦੇ ਹਨ।

ਦੇਸ-ਕਾਲ ਜਾਂ ਵਾਤਾਵਰਨ

ਦੇਸ ਤੇ ਕਾਲ ਦਾ ਅਰਥ ਹੈ ਸਥਾਨ ਤੇ ਸਮੇਂ ਦੇ ਅਨੁਕੂਲ ਦ੍ਰਿਸ਼-ਚਿਤਰਨ। ਨਾਟਕਾਂ ਵਿੱਚ ਨਾਵਲਾਂ ਦੀ ਤਰ੍ਹਾਂ ਦੇਸ, ਕਾਲ ਤੇ ਵਾਤਾਵਰਨ ਦਾ ਵਿਚਾਰ ਰੱਖਿਆ ਜਾਣਾ ਚਾਹੀਦਾ ਹੈ। ਦੇਸ, ਕਾਲ ਤੇ ਵਾਤਾਵਰਨ ਦੇ ਉਲਟ ਵਰਨਣ ਤੇ ਚਿਤਰਨ

ਕਰਨ ਨਾਲ਼ ਬੇਗ਼ਾਨਗੀ ਤੇ ਓਪਰਾਪਨ ਪੈਦਾ ਹੋ ਜਾਂਦਾ ਹੈ ਅਤੇ ਸਾਰਾ ਦ੍ਰਿਸ਼-ਵਿਧਾਨ ਉਲਟ-ਪੁਲਟ ਹੋ ਕੇ ਦੇਸ-ਕਾਲ ਦੇ ਵਿਪਰੀਤ ਚਿਤਰਿਤ ਹੋ ਜਾਂਦਾ ਹੈ। ਹਰ ਇੱਕ ਯੁੱਗ ਦੀ ਅਤੇ ਹਰ ਇੱਕ ਦੇਸ ਦੀ ਆਪਣੀ ਸੱਭਿਅਤਾ, ਆਪਣੀ ਸੰਸਕ੍ਰਿਤੀ ਅਤੇ ਆਪਣਾ ਸੱਭਿਆਚਾਰ ਹੁੰਦਾ ਹੈ। ਉਹਨਾਂ ਦੇ ਆਪਣੇ ਰੀਤੀ-ਰਿਵਾਜ਼, ਰਹਿਣ-ਸੁਹਿਣ ਅਤੇ ਪਹਿਨ-ਪੁਸ਼ਾਕ ਦੇ ਢੰਗ ਹੁੰਦੇ ਹਨ, ਜਿੰਨ੍ਹਾਂ ਨੂੰ ਦੇਸ ਤੇ ਕਾਲ ਦੇ ਅਨੁਰੂਪ ਹੀ ਚਿਤਰਿਤ ਕਰਨਾ ਚਾਹੀਦਾ ਹੈ। ਇਸ ਲਈ ਦੇਸ-ਕਾਲ ਦੇ ਅੰਤਰਗਤ ਨਾਟਕ ਵਿੱਚ ਕਿਸੇ ਦੇਸ਼ ਦੀਆਂ ਸਮਾਜਿਕ, ਰਾਜਨੀਤਿਕ, ਧਾਰਮਿਕ, ਆਰਥਿਕ ਤੇ ਸੱਭਿਆਚਾਰਿਕ ਪਰਿਸਥਿਤੀਆਂ ਉੱਪਰ ਵਿਚਾਰ ਕਰਨੀ ਚਾਹੀਦੀ ਹੈ। ਮਿਸਾਲ ਵਜੋਂ ਹੀਰ ਤੇ ਰਾਂਝੇ ਦੇ ਨਾਟਕ ਵਿੱਚ ਜੇਕਰ ਪਾਤਰਾਂ ਲਈ ਪੈਂਟ, ਕੋਟ ਤੇ ਨੈੱਕਟਾਈ ਦੀ ਵਰਤੋਂ ਕੀਤੀ ਜਾਵੇ ਜਾਂ ਹੀਰ ਦੀ ਪੁਸ਼ਾਕ ਵਿੱਚ ਫ਼ਰਾਕ, ਟਾੱਪ ਆਦਿ ਦਾ ਵਰਨਣ ਹੋਵੇ ਤਾਂ ਇਹ ਦੇਸ ਤੇ ਕਾਲ ਦੇ ਵਿਰੁੱਧ ਹੋਵੇਗਾ, ਜਿਸ ਕਾਰਨ ਨਾਟਕ ਦੇ ਸੁਭਾਵਿਕ ਤੇ ਕੁਦਰਤੀ ਵਾਤਾਵਰਨ ਨੂੰ ਚੋਟ ਪਹੁੰਚੇਗੀ। ਇਸ ਲਈ ਇਹ ਜ਼ਰੂਰੀ ਹੈ ਕਿ ਜਿਸ ਦੇਸ ਤੇ ਕਾਲ ਨਾਲ਼ ਨਾਟਕੀ ਕਥਾ-ਵਸਤੂ ਦਾ ਸੰਬੰਧ ਹੋਵੇ, ਉਹਨਾਂ ਦੇ ਮੁਤਾਬਕ ਹੀ ਉਸ ਨਾਟਕ ਦਾ ਸਾਰਾ ਵਾਤਾਵਰਨ ਚਿਤਰਿਤ ਕੀਤਾ ਜਾਵੇ ਤਾਂ ਜੋ ਨਾਟਕ ਦੇ ਥੀਮ ਵਿੱਚ ਯਥਾਰਥਿਕਤਾ ਦੀ ਝਲਕ ਉੱਭਰ ਸਕੇ ਅਤੇ ਨਾਟਕੀ ਪਾਤਰ ਉਸ ਯੁੱਗ ਤੇ ਸਥਾਨ ਦੇ ਸੱਚੀਂ-ਮੁੱਚੀਂ ਵਸਨੀਕ ਜਾਪਣ ਲੱਗ ਪੈਣ।

ਅਰਸਤੂ ਅਤੇ ਹੋਰ ਗ੍ਰੀਕ ਵਿਦਵਾਨਾਂ ਨੇ ਸਮੇਂ, ਸਥਾਨ ਤੇ ਕਾਰਜ ਦੀਆਂ ਭਿੰਨ-ਭਿੰਨ ਏਕਤਾਵਾਂ ਦਾ ਜੋ ਸਿਧਾਂਤ ਪੇਸ਼ ਕੀਤਾ ਹੈ ਉਹਨਾਂ ਨੂੰ ਦੇਸ-ਕਾਲ ਦੇ ਸੰਦਰਭ ਵਿੱਚ ਵੀ ਵਿਚਾਰਿਆ ਜਾ ਸਕਦਾ ਹੈ। ਜ਼ਾਹਰ ਹੈ ਕਿ ਨਾਟ-ਕਲ਼ਾ ਦੇ ਪੁਰਾਤਨ ਤੇ ਨਵੀਨ ਸਿਧਾਂਤਕਾਰ ਦੇਸ-ਕਾਲ ਦੇ ਸੰਕਲਪ ਪ੍ਰਤੀ ਭਲੀ ਭਾਂਤ ਜਾਗਰੂਕ ਹਨ। ਫਲ-ਸਰੂਪ ਦੇਸ-ਕਲਾ ਦਾ ਸੰਕਲਪ ਇਸ ਵਿਧਾਨਕ ਅਵੱਸ਼ਕਤਾ ਲਈ ਪ੍ਰਤੀਬੱਧ ਹੈ ਕਿ ਨਾਟਕ ਵਿੱਚ ਤਤਕਾਲੀ ਤੇ ਤਤਸਥਾਨੀ ਸਥਿਤੀਆਂ ਦੀ ਪ੍ਰਤਿਨਿਧਤਾ ਸੁਰੱਖਿਅਤ ਕੀਤੀ ਜਾਵੇ ਤਾਂ ਜੋ ਨਾਟਕ ਵਿੱਚ ਚਿਤਰਿਤ ਘਟਨਾ-ਕ੍ਰਮ, ਪਾਤਰ-ਉਸਾਰੀ ਤੇ ਸਥਾਨਗਤ ਵਾਤਾਵਰਨ ਦੇ ਤੱਤ ਵਾਸਤਵਿਕ ਪ੍ਰਭਾਵ ਪੇਸ਼ ਕਰਨ ਲਈ ਸਮਰੱਥ ਹੋ ਸਕਣ।

ਭਾਸ਼ਾ ਤੇ ਸ਼ੈਲੀ :

ਨਾਟਕ ਦੀ ਭਾਸ਼ਾ ਤੇ ਸ਼ੈਲੀ ਦੇ ਸੰਦਰਭ ਵਿੱਚ ਇਸ ਗੱਲ ਦਾ ਖ਼ਿਆਲ ਰੱਖਿਆ ਜਾਣਾ ਜ਼ਰੂਰੀ ਹੈ ਕਿ ਇਸ ਦੀ ਭਾਸ਼ਾ ਲੋਕ-ਸਮੂਹ ਦੇ ਉਚਰਿਤ ਰੂਪ ਦੀ ਪ੍ਰਤਿਨਿਧਤਾ ਕਰਦੀ ਹੋਵੇ। ਇਹ ਮੌਖਿਕ ਕਿਸਮ ਦੀ ਬੋਲੀ ਹੁੰਦੀ ਹੈ ਜਿਹੜੀ ਲੋਕਾਂ ਦੇ ਮੂੰਹ ਚੜ੍ਹੀ ਹੁੰਦੀ ਹੈ ਅਤੇ ਜਿਸ ਵਿੱਚ ਲੋਕ ਪ੍ਰਯੋਗ ਮੁਹਾਵਰੇ, ਨਿੱਤ-ਵਰਤੋਂ ਦੇ ਵਾਕੰਸ਼

ਤੇ ਆਮ-ਸ਼ਬਦਾਵਲੀ ਚਮਤਕਾਰੀ ਢੰਗ ਨਾਲ ਸ਼ਾਮਲ ਕੀਤੀ ਗਈ ਹੁੰਦੀ ਹੈ। ਨਾਟਕ ਦੀ ਸ਼ੈਲੀ ਵੀ ਕੋਈ ਗੂੜ੍ਹ ਭਾਰੀ-ਭਰਕਮ ਨਹੀਂ ਹੁੰਦੀ ਸਗੋਂ ਨਾਟਕ ਦੇ ਥੀਮਕ ਪੈਟਰਨ ਦੇ ਅਨੁਰੂਪ, ਪ੍ਰਭਾਵਪੂਰਨ ਤੇ ਰਵਾਨੀ ਭਰਪੂਰ ਹੁੰਦੀ ਹੈ।

ਨਾਟਕਕਾਰ ਨੇ ਭਾਸ਼ਾ ਦੀ ਵਰਤੋਂ ਵਾਰਤਾਲਾਪ ਸਿਰਜਨ ਲਈ ਕਰਨੀ ਹੁੰਦੀ ਹੈ। ਵਾਰਤਾਲਾਪ ਨੇ ਹੀ ਕਥਾਨਕ ਦੀ ਸਿਰਜਨਾ ਕਰਦੇ ਹੋਏ ਨਾਟਕੀ ਕਾਰਜ ਦਾ ਵਿਕਾਸ ਕਰਨਾ ਹੁੰਦਾ ਹੈ ਅਤੇ ਪਾਤਰ-ਉਸਾਰੀ ਵਿੱਚ ਅਹਿਮ ਭੂਮਿਕਾ ਨਿਭਾਉਣੀ ਹੁੰਦੀ ਹੈ। ਨਾਟਕਕਾਰ ਨਾਟਕ ਵਿੱਚ ਸਿੱਧੇ ਤੌਰ 'ਤੇ ਸ਼ਾਮਲ ਨਹੀਂ ਹੋ ਸਕਦਾ। ਇਸ ਲਈ ਨਾਟਕ ਦੀ ਸਮੁੱਚੀ ਸਫ਼ਲਤਾ ਲਈ ਉਸ ਨੂੰ ਭਾਸ਼ਾ ਦੀ ਚੋਣ ਬਹੁਤ ਸੋਚ ਸਮਝ ਕੇ ਕਰਨੀ ਪੈਂਦੀ ਹੈ। ਜਿਹੋ-ਜਿਹੇ ਪਾਤਰ ਹੋਣ ਉਹਨਾਂ ਤੋਂ ਉਹੋ ਜਿਹੀ ਭਾਸ਼ਾ ਹੀ ਵਾਰਤਾਲਾਪ ਦੇ ਰੂਪ ਵਿੱਚ ਬੁਲਵਾਈ ਜਾਵੇ ਤਾਂ ਨਾਟਕ ਵਿੱਚ ਸੁਭਾਵਿਕਤਾ ਦਾ ਗੁਣ ਸਹਿਜੇ ਹੀ ਆ ਜਾਂਦਾ ਹੈ। ਇਸ ਲਈ ਉਹੀ ਸ਼ਬਦ ਵਰਤਣੇ ਉਚਿਤ ਹੁੰਦੇ ਹਨ ਜੋ ਸੰਬੰਧਿਤ ਪਾਤਰ ਆਪਣੀ ਆਮ ਜ਼ਿੰਦਗੀ ਵਿੱਚ ਵਰਤਦੇ ਹੋਣ। ਨਾਟਕ ਦੀ ਸ਼ੈਲੀ ਵੀ ਦਿਲ-ਟੁੰਬਵੀਂ ਅਤੇ ਰੋਚਕ ਹੋਣੀ ਚਾਹੀਦੀ ਹੈ।

ਰੰਗ-ਮੰਚ ਅਤੇ ਅਭਿਨੈ :-

ਨਾਟਕ ਅਜਿਹੀ ਮਿਸ਼ਰਿਤ ਕਲਾ ਹੈ ਜਿਸ ਦਾ ਸੰਬੰਧ ਸਾਹਿਤ ਨਾਲ਼ ਵੀ ਹੈ ਅਤੇ ਰੰਗ-ਮੰਚ ਨਾਲ਼ ਵੀ। ਨਾਟਕ ਦੀ ਸੰਪੂਰਨਤਾ ਰੰਗ-ਮੰਚ ਉੱਤੇ ਪੇਸ਼ ਹੋਣ ਉਪਰੰਤ ਹੀ ਹੁੰਦੀ ਹੈ। ਡਾ. ਰਤਨ ਸਿੰਘ ਜੱਗੀ ਅਨੁਸਾਰ ਜਿੱਥੇ ਹੋਰ ਸਾਹਿਤ ਰੂਪ ਕੇਵਲ ਸ਼ਬਦਾਂ ਰਾਹੀਂ ਜੀਵਨ ਸੱਚ ਦੀ ਵਿਆਖਿਆ ਕਰਦੇ ਹਨ, ਉੱਥੇ ਨਾਟਕ ਪਾਤਰਾਂ ਦੀ ਕਲਾਤਮਕਤਾ, ਰੰਗ-ਮੰਚ ਦੀ ਸਜਾਵਟ ਆਦਿ ਅਨੇਕ ਸਾਧਨਾਂ ਉੱਤੇ ਨਿਰਭਰ ਕਰਦਾ ਹੈ। ਇੱਕ ਸਫ਼ਲ ਨਾਟਕਕਾਰ ਰੰਗ-ਮੰਚ ਨੂੰ ਧਿਆਨ ਵਿੱਚ ਰੱਖ ਕੇ ਹੀ ਨਾਟਕ ਦੀ ਸਿਰਜਨਾ ਕਰਦਾ ਹੈ। ਉਹ ਆਪਣੇ ਨਾਟਕ ਦੇ ਕਥਾ-ਵਸਤੂ ਵਿੱਚ ਅਜਿਹੇ ਤੱਤ ਸ਼ਾਮਿਲ ਨਹੀਂ ਕਰਦਾ ਜਿਨਾਂ ਨੂੰ ਰੰਗ-ਮੰਚ ਉੱਤੇ ਸਾਕਾਰ ਕਰਨਾ ਸੰਭਵ ਨਾ ਹੋਵੇ ਜਾਂ ਜਿਨਾਂ ਦੀ ਪੇਸ਼ਕਾਰੀ ਕਿਸੇ ਵੀ ਕਾਰਨ (ਸਮਾਜਿਕ, ਧਾਰਮਿਕ ਆਦਿ) ਵਰਜਿਤ ਹੋਵੇ।

ਰੋਸ਼ਨੀ, ਸੰਗੀਤ ਅਤੇ ਅਵਾਜ਼ ਆਧੁਨਿਕ ਰੰਗ-ਮੰਚ ਦਾ ਅਹਿਮ ਅੰਗ ਬਣ ਚੁੱਕੇ ਹਨ। ਇਹ ਨਾਟਕ ਦੀ ਪੇਸ਼ਕਾਰੀ ਨੂੰ ਯਥਾਰਥਕ ਰੰਗਣ ਦੇਣ ਵਿੱਚ ਅਤੇ ਨਾਟਕ ਦੇ ਪ੍ਰਭਾਵ ਨੂੰ ਤੀਖਣ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਭਾਰਤੀ ਵਿਦਵਾਨਾਂ ਨੇ ਅਭਿਨੈ-ਕਲਾ ਨੂੰ ਵੀ ਨਾਟਕ ਦਾ ਤੱਤ ਸਵੀਕਾਰ ਕੀਤਾ ਹੈ। ਅਭਿਨੈ ਐਕਟਿੰਗ ਹੈ, ਨਕਲ ਹੈ ਜਾਂ ਅਨੁਕਰਨ ਹੈ। ਅਭਿਨੈ, ਨਾਟਕ ਦੀ ਵਸਤੂ

ਦੀ ਅਭਿਵਿਅਕਤੀ ਦਾ ਨਾਂ ਹੈ। ਅਭਿਨੈ ਨੂੰ ਚਾਰ ਤਰ੍ਹਾਂ ਦਾ ਕਿਹਾ ਗਿਆ ਹੈ - ਆਂਗਿਕ, ਵਾਚਿਕ, ਸਾਤਵਿਕ ਅਤੇ ਆਹਾਰਯ। ਅੰਗਾਂ ਨਾਲ਼ ਕੀਤਾ ਗਿਆ ਅਭਿਨੈ ਆਂਗਿਕ ਹੈ, ਵਾਚਿਕ ਅਭਿਨੈ ਦਾ ਸੰਬੰਧ ਵਚਨਾਂ ਤੇ ਬੋਲਾਂ ਨਾਲ ਹੈ। ਮੁੜਕਾ, ਕੰਬਣੀ, ਹੰਝੂ ਕੇਰਨਾ ਆਦਿ ਦੀ ਐਕਟਿੰਗ ਸਾਤਵਿਕ ਹੈ ਅਤੇ ਪਹਿਨ-ਪੁਸ਼ਾਕ, ਵਸਤਰ,ਗਹਿਣੇ ਤੇ ਹੋਰ ਸਾਜ-ਸ਼ਿੰਗਾਰ ਦੀ ਨਕਲ ਕਰਨੀ ਆਹਾਰਯ ਅਭਿਨੈ ਹੈ।

ਨਾਟਕ ਦੀ ਰੰਗ-ਮੰਚ ਉੱਤੇ ਪੇਸ਼ਕਾਰੀ ਵਿੱਚ ਨਿਰਦੇਸ਼ਕ ਦੀ ਭੂਮਿਕਾ ਵੀ ਬਹੁਤ ਅਹਿਮ ਹੁੰਦੀ ਹੈ। ਅਸਲ ਵਿੱਚ ਇੱਕ ਚੰਗਾ ਨਿਰਦੇਸ਼ਕ ਹੀ ਨਾਟਕ ਦੇ ਲਿਖਤੀ ਸਾਹਿਤਿਕ ਰੂਪ ਨੂੰ ਰੰਗ-ਮੰਚ ਦੀਆਂ ਸੁਘੜ ਜੁਗਤਾਂ ਨਾਲ਼ ਜਿਊਣ ਜੋਗਾ ਬਣਾਉਂਦਾ ਹੈ।

ਰਸ ਅਤੇ ਕਥਾਰਸਿਸ :-

ਨਾਟਕ ਲਈ ਸੰਸਕ੍ਰਿਤ ਨਾਟ-ਸ਼ਾਸਤ੍ਰੀਆਂ ਨੇ ਰਸ ਦੀ ਯੋਜਨਾ ਉੱਤੇ ਬਹੁਤ ਬਲ ਦਿੱਤਾ ਹੈ। ਰਸ ਇੱਕ ਸਾਹਿਤਿਕ ਸੁਹਜ-ਸੁਆਦ ਹੈ ਜਿਸ ਨੂੰ ਦਰਸ਼ਕ-ਗਣ ਮਾਣਦੇ ਹੋਏ ਨਾਟਕੀ ਪਾਤਰਾਂ ਨਾਲ਼ ਤਦਰੂਪ ਹੋ ਜਾਂਦੇ ਹਨ। ਨਾਟਕ ਦਾ ਉਦੇਸ਼ ਜਿੱਥੇ ਨੈਤਿਕ, ਸਮਾਜਿਕ ਜਾਂ ਮਾਨਵੀ ਹੋ ਸਕਦਾ ਹੈ ਉੱਥੇ ਇਸ ਦਾ ਉਦੇਸ਼ ਰਸ ਤੇ ਰਸਾਤਮਿਕ ਸੁਆਦ ਪ੍ਰਦਾਨ ਕਰਨਾ ਵੀ ਹੈ। ਰਸ ਨਾਲ਼ ਮਿਲ਼ਦਾ-ਜੁਲ਼ਦਾ ਅਰਸਤੂ ਦਾ ਕਥਾਰਸਿਸ ਸਿਧਾਂਤ ਹੈ। ਕਥਾਰਸਿਸ ਯੂਨਾਨੀ (ਗ੍ਰੀਕ) ਸ਼ਬਦ ਹੈ ਜਿਸ ਨੂੰ ਵਿਰੇਚਨ, ਭਾਵ-ਮੁਕਤੀ ਜਾਂ ਸ਼ੁੱਧੀਕਰਨ ਕਿਹਾ ਜਾ ਸਕਦਾ ਹੈ। ਅੰਗਰੇਜ਼ੀ ਦੀ ਲਿਟਰੇਰੀ ਗਲਾਸਰੀ ਵਿੱਚ ਕਥਾਰਸਿਸ ਨੂੰ ਰਸਾਤਮਿਕ ਸੁਆਦ ਕਿਹਾ ਗਿਆ ਹੈ ਜੋ ਨਾਟਕ ਦੇ ਅਭਿਨੈ ਰਾਹੀਂ ਪ੍ਰਾਪਤ ਹੁੰਦਾ ਹੈ। ਕਈ ਵਿਦਵਾਨ ਕਥਾਰਸਿਸ ਦਾ ਮਤਲਬ ਤਰਸ ਤੇ ਭੈ ਦੇ ਵਧੇ ਹੋਏ ਭਾਵਾਂ ਤੋਂ ਮੁਕਤੀ ਲੈਂਦੇ ਹਨ ਜਿਸ ਨਾਲ਼ ਦਰਸ਼ਕਾਂ ਨੂੰ ਸ਼ਾਂਤੀ ਮਿਲ਼ਦੀ ਹੈ ਕਿਉਂਕਿ ਉਹ ਕਰੁਣਾ ਤੇ ਭੈ ਦੀ ਪਕੜ ਤੋਂ ਝੱਟ-ਬਿੰਦ ਲਈ ਮੁਕਤ ਹੋ ਜਾਂਦੇ ਹਨ।

ਉਦੇਸ਼ :-

ਹਰ ਇੱਕ ਸਾਹਿਤ-ਰੂਪ ਦਾ ਪ੍ਰਮੁੱਖ ਉਦੇਸ਼ ਜੀਵਨ ਦੀ ਵਿਆਖਿਆ ਕਰਨਾ ਹੁੰਦਾ ਹੈ। ਨਾਟਕਕਾਰ ਵੀ ਕਿਸੇ ਉਦੇਸ਼ ਦੀ ਪੂਰਤੀ ਹਿੱਤ ਨਾਟਕ ਦੀ ਸਿਰਜਨਾ ਕਰਦਾ ਹੈ। ਕਲਾ ਸਮਾਜ ਲਈ ਸਿਧਾਂਤ ਨੂੰ ਮੰਨਣ ਵਾਲ਼ੇ ਵਿਦਵਾਨ ਉਹਨਾਂ ਨਾਟਕਾਂ ਨੂੰ ਸਰਵੋਤਮ ਮੰਨਦੇ ਹਨ ਜਿਹੜੇ ਮਨੁੱਖੀ ਜ਼ਿੰਦਗੀ ਨੂੰ ਕੋਈ ਸੇਧ ਦਿੰਦੇ ਹਨ। ਸਮਾਜਿਕ ਬੁਰਾਈਆਂ ਸੰਬੰਧੀ ਸਮਾਜ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਨਾਟਕ ਇੱਕ ਸਰਵੋਤਮ ਸਾਧਨ ਹੈ। ਕਲਾ ਕਲਾ ਲਈ ਸਿਧਾਂਤ ਨੂੰ ਮੰਨਣ ਵਾਲ਼ੇ ਵਿਦਵਾਨ ਦਰਸ਼ਕਾਂ ਨੂੰ ਅਨੰਦ ਦੇਣ ਅਤੇ ਉਹਨਾਂ ਦੀ ਸੁਹਜਤ੍ਰਿਪਤੀ ਕਰਨ

ਨੂੰ ਨਾਟਕ ਦਾ ਉਦੇਸ਼ ਮੰਨਦੇ ਹਨ। ਇਹ ਵੀ ਸਚਾਈ ਹੈ ਕਿ ਉਦੇਸ਼ ਵਿਹੂਣਾ ਨਾਟਕ ਹੋ ਹੀ ਨਹੀਂ ਸਕਦਾ। ਇੱਕ ਗੱਲ ਜ਼ਰੂਰ ਹੀ ਧਿਆਨ ਦੇਣ ਯੋਗ ਹੈ ਕਿ ਜੇ ਨਾਟਕ ਰਾਹੀਂ ਨਾਟਕਕਾਰ ਸਮਾਜ ਨੂੰ ਕੋਈ ਸੁਨੇਹਾ ਦੇਣਾ ਚਾਹੁੰਦਾ ਹੈ ਤਾਂ ਇਹ ਨਾਟਕ ਦੀ ਬਣਤਰ ਤੇ ਪੇਸ਼ਕਾਰੀ ਵਿੱਚੋਂ ਸਹਿਜੇ ਹੀ ਉਭਰ ਕੇ ਸਾਹਮਣੇ ਆਉਣਾ ਚਾਹੀਦਾ ਹੈ, ਕਿਸੇ ਵੀ ਤਰ੍ਹਾਂ ਨਾਲ਼ ਠੁਸਿਆ ਹੋਇਆ ਨਹੀਂ ਜਾਪਣਾ ਚਾਹੀਦਾ। ਅਜਿਹਾ ਕਰਨ ਨਾਲ਼ ਹੀ ਨਾਟਕਕਾਰ ਆਪਣੇ ਉਦੇਸ਼ ਵਿੱਚ ਸਫ਼ਲ ਹੋ ਸਕਦਾ ਹੈ।

ਨਾਟਕਾਂ ਦਾ ਵਰਗੀਕਰਨ :-

ਨਾਟਕਾਂ ਦਾ ਵਰਗੀਕਰਨ ਦੋ ਆਧਾਰਾਂ 'ਤੇ ਕੀਤਾ ਜਾ ਸਕਦਾ ਹੈ :-

(ੳ) ਵਿਸ਼ੇ ਅਨੁਸਾਰ ਵਰਗੀਕਰਨ

(ਅ) ਪ੍ਰਭਾਵ ਅਨੁਸਾਰ ਵਰਗੀਕਰਨ

ਵਿਸ਼ੇ ਅਨੁਸਾਰ ਵਰਗੀਕਰਨ ਕਰਦੇ ਸਮੇਂ ਨਾਟਕ ਦੇ ਵਿਸ਼ੇ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਹੈ। ਜਿੰਨੀ ਪ੍ਰਕਾਰ ਦੇ ਵਿਸ਼ੇ ਸੰਭਵ ਹਨ ਓਨੀ ਪ੍ਰਕਾਰ ਦੇ ਹੀ ਨਾਟਕ ਹੋ ਸਕਦੇ ਹਨ ਪਰ ਪ੍ਰਮੁੱਖ ਰੂਪ ਵਿੱਚ ਇਹਨਾਂ ਨੂੰ ਪੌਰਾਣਿਕ, ਇਤਿਹਾਸਿਕ, ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਨਾਟਕ ਵਿੱਚ ਵੰਡਿਆ ਜਾਂਦਾ ਹੈ। ਆਧੁਨਿਕ ਯੁੱਗ ਵਿੱਚ ਊਟ-ਪਟਾਂਗ ਵਿਸ਼ਿਆਂ ਬਾਰੇ ਵੀ ਨਾਟਕ ਲਿਖੇ ਜਾ ਰਹੇ ਹਨ ਇਹਨਾਂ ਨੂੰ 'ਐਬਸਰਡ' ਨਾਟਕ ਕਿਹਾ ਜਾਂਦਾ ਹੈ।

ਨਾਟਕ ਦੇ ਪ੍ਰਭਾਵ ਅਨੁਸਾਰ ਇਸ ਦੇ ਦੋ ਮੁੱਖ ਵਰਗ ਮੰਨੇ ਜਾਂਦੇ ਹਨ, ਦੁਖਾਂਤ ਅਤੇ ਸੁਖਾਂਤ। ਦੁਖਾਂਤ ਅੰਗਰੇਜ਼ੀ ਦੇ ਟ੍ਰੈਜਡੀ (Tragedy) ਦਾ ਪੰਜਾਬੀ ਰੂਪਾਂਤਰ ਹੈ। 'ਦੁਖਾਂਤ' ਨਾਟਕ ਦੀ ਇੱਕ ਮਹੱਤਵਪੂਰਨ ਵੰਨਗੀ ਹੈ ਜਿਸ ਨੂੰ ਵੇਖ ਕੇ ਦਰਸ਼ਕ ਸੁਹਜ-ਸੁਆਦ ਵੀ ਮਾਣਦੇ ਹਨ ਅਤੇ ਸਾਧਾਰਨੀਕਰਨ ਦੀ ਪ੍ਰਕਿਰਿਆ ਰਾਹੀਂ ਆਪਣੇ ਮਨ ਦੇ ਅੰਦਰਲੇ ਦੋਸ਼ਾਂ ਤੋਂ ਮੁਕਤ ਵੀ ਹੁੰਦੇ ਹਨ। ਅਰਸਤੂ ਨੇ ਦੁਖਾਂਤ ਨਾਟਕ ਨੂੰ ਜ਼ਿਆਦਾ ਪ੍ਰਭਾਵਸ਼ਾਲੀ ਮੰਨਿਆ ਹੈ। ਯੂਨਾਨੀ ਨਾਟਕਾਂ ਦਾ ਪ੍ਰਭਾਵ ਦੁਖਾਂਤਕ ਹੈ। ਭਾਰਤੀ ਨਾਟਕਾਂ ਦਾ ਪ੍ਰਭਾਵ ਸੁਖਾਂਤਕ ਹੈ। ਇਹਨਾਂ ਨਾਟਕਾਂ ਦਾ ਅੰਤ ਸੁਖਦ ਹੁੰਦਾ ਹੈ। ਸੁਖਾਂਤ ਦਾ ਕੰਮ ਦਰਸ਼ਕਾਂ ਦੇ ਮਨ ਵਿੱਚ ਕੋਈ ਗੰਭੀਰ ਭਾਵ ਜਗਾਉਣਾ ਨਹੀਂ, ਸਗੋਂ ਉਹਨਾਂ ਨੂੰ ਖ਼ੁਸ਼ ਕਰਨਾ ਹੁੰਦਾ ਹੈ।

ਸੁਖਾਂਤ ਅਤੇ ਦੁਖਾਂਤ ਦੀਆਂ ਕਿਸਮਾਂ ਵਿੱਚ ਪ੍ਰਹਸਨ, ਮੈਲੋਡਰਾਮਾ, ਸਵਾਂਗ, ਮੌਨਮਾਈਮ, ਬੈਲੇ, ਓਪੇਰਾ, ਰੇਡੀਓ-ਨਾਟਕ, ਨੁੱਕੜ-ਨਾਟਕ ਆਦਿ ਸ਼ਾਮਲ ਹਨ। ਆਧੁਨਿਕ ਸਮੇਂ ਵਿੱਚ ਟੈਲੀਵੀਜ਼ਨ ਨਾਟਕਾਂ ਦੀ ਵਧੇਰੇ ਚੜ੍ਹਤ ਹੋ ਰਹੀ ਹੈ।

ਪੰਜਾਬੀ ਨਾਟਕ ਪਰੰਪਰਾ

ਪੰਜਾਬੀ ਦਾ ਨਾਟਕ-ਸਾਹਿਤ ਪੱਛਮੀ ਨਾਟਕ-ਕਲਾ ਦੇ ਅਸਰ ਹੇਠ ਹੀ ਉਦੇ ਹੋਇਆ ਹੈ। ਡਾ. ਹਰਚਰਨ ਸਿੰਘ ਦਾ ਕਹਿਣਾ ਹੈ ਕਿ ਸ੍ਰੀਮਤੀ ਨੋਰਾ ਰਿਚਰਡਜ਼ ਪੰਜਾਬੀ ਨਾਟਕ ਦੀ ਮਾਂ ਹੈ ਜਿਸ ਦੀ ਪ੍ਰੇਰਨਾ ਨਾਲ਼ ਆਈ.ਸੀ.ਨੰਦਾ ਨੇ ਪਹਿਲਾ ਸੁਭੱਦਰਾ ਨਾਟਕ ਲਿਖਿਆ। ਪੰਜਾਬੀ ਨਾਟਕ ਵਿੱਚ ਸੰਸਕ੍ਰਿਤ ਨਾਟਕ ਦੇ ਤੱਤ ਵੀ ਪ੍ਰਵੇਸ਼ ਹੋਏ ਹਨ ਪਰ ਪ੍ਰੇਰਨਾ-ਬਿੰਦੂ ਅੰਗਰੇਜ਼ੀ ਨਾਟ-ਪਰੰਪਰਾ ਹੀ ਹੈ। ਕਈ ਵਿਦਵਾਨ ਗੁਰੂ ਗੋਬਿੰਦ ਸਿੰਘ ਜੀ ਰਚਿਤ 'ਬਚਿਤ੍ਰ ਨਾਟਕ' ਅਤੇ ਹਿਰਦੇ ਰਾਮ ਦੇ "ਹਨੂੰਮਾਨ ਨਾਟਕ" ਨੂੰ ਪੰਜਾਬੀ ਦੇ ਪ੍ਰਥਮ ਨਾਟਕ ਕਹਿੰਦੇ ਹਨ, ਪਰ ਇਹ ਕਵਿਤਾ ਦੇ ਜ਼ਿਆਦਾ ਨੇੜੇ ਹਨ। ਨਾਟਕ ਦਾ ਸਹੀ ਸਰੂਪ ਆਈ.ਸੀ.ਨੰਦਾ, ਹਰਚਰਨ ਸਿੰਘ, ਬਲਵੰਤ ਗਾਰਗੀ, ਸੰਤ ਸਿੰਘ ਸੇਖੋਂ, ਗੁਰਦਿਆਲ ਸਿੰਘ ਫੁੱਲ ਆਦਿ ਦੇ ਨਾਟਕਾਂ ਵਿੱਚ ਮਿਲ਼ਦਾ ਹੈ। ਇਸ ਤੋਂ ਪਿੱਛੋਂ ਸੁਰਜੀਤ ਸਿੰਘ ਸੇਠੀ, ਰੋਸ਼ਨ ਲਾਲ ਆਹੂਜਾ, ਕਪੂਰ ਸਿੰਘ ਘੁੰਮਣ, ਅਜਮੇਰ ਸਿੰਘ ਔਲਖ, ਪਰਿਤੋਸ਼ ਗਾਰਗੀ, ਗੁਰਸ਼ਰਨ ਸਿੰਘ, ਰਵਿੰਦਰ ਰਵੀ, ਗੁਰਦਿਆਲ ਸਿੰਘ ਖੋਸਲਾ, ਗੁਰਚਰਨ ਸਿੰਘ ਜਸੂਜਾ, ਚਰਨਦਾਸ ਸਿੱਧੂ, ਡਾ.ਆਤਮਜੀਤ, ਡਾ. ਭੁਪਿੰਦਰ ਪਾਲੀ ਨੇ ਪੰਜਾਬੀ ਵਿੱਚ ਨਾਟਕ ਲਿਖੇ ਹਨ।

ਔਖੇ ਸ਼ਬਦਾਂ ਦੇ ਅਰਥ :

ਪ੍ਰਾਚੀਨ-ਪੁਰਾਣਾ। **ਰੂ-ਬਰੂ**-ਆਹਮੋ-ਸਾਹਮਣੇ। **ਪੌਰਾਣਿਕ ਕਥਾ**-ਮਿਥਿਹਾਸਿਕ ਕਹਾਣੀ। **ਰਿਗ ਵੇਦ, ਸਾਮਵੇਦ, ਯਜੁਰਵੇਦ, ਅਥਰਵਵੇਦ** - ਹਿੰਦੂ ਧਰਮ-ਗ੍ਰੰਥ, ਜਿਨ੍ਹਾਂ ਦੀ ਗਿਣਤੀ ਚਾਰ ਹੈ। **ਸ਼੍ਰਵ-ਕਾਵਿ**-ਜੋ ਸੁਣਿਆ ਜਾਵੇ। **ਦ੍ਰਿਸ਼ ਕਾਵਿ**-ਜੋ ਦੇਖਿਆ ਜਾਵੇ। **ਸਮਾਨਾਰਥਕ ਪਰਿਆਏ**-ਇਕੋ ਅਰਥ ਵਾਲ਼ੇ, ਉਹੀ ਅਰਥ। **ਅਸ਼ਟਾਧਿਆਈ**-ਪਾਣਿਨੀ ਦਾ ਵਿਆਕਰਨ। **ਨਾਟਯ ਸ਼ਾਸਤ੍ਰ**-ਭਾਰਤਮੁਨੀ ਦਾ ਨਾਟਕ ਬਾਰੇ ਗ੍ਰੰਥ। **ਆਯੋਜਨ**-ਪ੍ਰਬੰਧ। **ਅਭਿਨੈ**-ਅਦਾਕਾਰੀ। **ਉਸਤਤ**-ਵਡਿਆਈ, ਮਹਿਮਾ। **ਅਨੁਕਰਨ**-ਨਕਲ। **ਪ੍ਰਤਿਬੰਧ**-ਰੁਕਾਵਟ, ਵਿਘਨ,ਪਬੰਧੀ। **ਪਥ-ਪ੍ਰਦਰਸ਼ਨ**-ਰਾਹ ਦੱਸਣਾ। **ਪ੍ਰਦਰਸ਼ਨੀ**-ਨੁਮਾਇਸ਼। **ਪ੍ਰਸਤੁਤ**-ਪੇਸ਼ ਕਰਨਾ। **ਸ੍ਰੇਸ਼ਟ**-ਉੱਤਮ। **ਮਿਸ਼ਰਿਤ**-ਮਿਲ਼ਿਆ-ਜੁਲ਼ਿਆ। **ਨੈਤਿਕ**-ਇਖ਼ਲਾਕ, ਸਦਾਚਾਰ। **ਮ੍ਰਿੱਛਕਟਿਕ**-ਸੰਸਕ੍ਰਿਤੀ ਦਾ ਇੱਕ ਨਾਟਕ (ਮਿੱਟੀ ਦਾ ਗਡੀਰਾ)। **ਸਮ੍ਰਿੱਧੀ**-ਅਮੀਰੀ। **ਕੁਲੀਨ**- ਉੱਤਮ ਕੁਲ ਵਿੱਚ ਹੋਣ ਵਾਲ਼ਾ, ਖ਼ਾਨਦਾਨੀ। **ਵ੍ਰਿੱਤੀ**-ਮਨ ਦਾ ਝੁਕਾ, ਧਿਆਨ। **ਖਲਨਾਇਕ**-ਨਾਇਕ ਦਾ ਵਿਰੋਧੀ। **ਵਿਦੂਸ਼ਕ**-ਮਸਖ਼ਰਾ, ਮਖੌਲ ਕਰਨ ਵਾਲ਼ਾ। **ਊਬ**- ਅੱਕਣਾ। **ਤਦਰੂਪ**-ਉਸ ਜੇਹਾ, ਸਮਾਨ ਰੂਪ।